ਮਾਰਚ-ਅਪ੍ਰੈਲ 1981

# ਵਤਨੋਂ ਦੂਰ



MAR./APR., 1981

P.O. Box 67681 Stn 'O'
Vancouver, B.C. V5W 3V2

"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

master charge VISA

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES —PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
BI-MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No. 3233 ANNUAL SUBSCRIPTION: Canada-U.S.A. $6.00 Other Countries SEA $6.00 AIR $9.00 | VOL. 9 NO. 85 MAR./APR. 1981 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
Sadhu, 437-9014

**ASSISTANT EDITOR:**
Sukhwant Hundal, 321-9221

**ADVERTISING EDITOR:**
Karamjit Ghuman, 321-6081

**CIRCULATION EDITOR**
Amarjit Chahal, 581-0406

**MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**

Raghbir Mand, 325-9564 Vancouver
Iqbal Ramuwalia, WATERLOO
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਇਸ ਅੰਕ ਵਿੱਚ :

**ਕਵਿਤਾ :** ਇਕਬਾਲ, ਰਣਜੀਤ ਫੈਪਰੀਆ,
ਕੇ. ਸੀ. ਮੋਹਨ, ਸਰਵਣ ਸਿੰਘ ਅਮੋਲਕ
ਗੁਰਦਿਆਲ ਰੋਸ਼ਨ, ਡਾ: ਮਹਿੰਦਰ ਗਿੱਲ

**ਕਹਾਣੀ :** ਸਮਸ਼ੇਰ ਭੱਟੀ, ਮਹਿਮੂਦ ਮਲੇਰਕੋਟੀ

**ਲੇਖ :** ਭਗਤ ਸਿੰਘ, ਮਹਾਸ਼ਵੇਤਾ ਦੇਵੀ

**ਸਥਾਈ ਕਾਲਮ :** ਦੂਰੋਂ ਨੇੜਿਉਂ

**ਰੀਪੋਰਟ :** ਕੁਲਦੀਪ ਸਹੋਤਾ, ਰਜਿੰਦਰ ਚੀਮਾਂ

ਮੁੱਖ ਚਿੱਤਰ : ਇੰਦਰਜੀਤ

ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

# ਕੁੱਝ ਤਾਂ ਵਾਪਰੇ

ਇਕਬਾਲ

ਸਿਗਰਟ ਦੇ ਸੂਟਿਆਂ ਦੀ ਚੁੱਪ ਚਾਪ ਸਾਹਿਰਕਣੀ ਤੋਂ ਬਿਨਾਂ
ਕਿਤਾਬ ਦੇ ਵਰਕਿਆਂ ਦੀ ਅਸ਼ਾਂਤ ਪਲਟਣੀ ਤੋਂ ਬਿਨਾਂ
ਫ਼ੋਨ ਦੀ ਅਚਾਨਕ ਘੁਣ ਘੁਣਾਹਟ ਤੋਂ ਬਿਨਾਂ
ਕੁੱਝ ਤਾਂ ਵਾਪਰੇ . . . . . .

ਵਾਪਰਨ ਨੂੰ ਤਾਂ ਬਹੁਤ ਕੁਝ ਵਾਪਰਦਾ ਹੈ ਦੁਫੇਰੇ:
ਉਪਰਲੀ ਮੰਜ਼ਲ 'ਤੇ ਭੁਜਦੇ ਮਾਸ ਦੀ ਤਿੜ ਤਿੜ,
ਹੇਠਲੀ ਮੰਜ਼ਲ 'ਤੇ ਸੁੱਤੇ ਸਿਰਾਂ 'ਚ ਜਾਗਦੀ ਟੱਸ ਟੱਸ,
ਸੱਜੇ ਗੁਆਂਢ 'ਚ ਸੁਣ ਰਹੀ ਨਵੀਂ ਮੁਹੱਬਤ ਦੀ ਖੁਸ਼ਕ ਬੱਦਲੀ,
ਖੱਬੇ ਗੁਆਂਢ 'ਚ ਖਿੜ ਰਹੀ ਤਕਰਾਰ ਦੀ ਬਗੀਚੀ,
ਸੜਕ 'ਤੇ ਰੁਲਦੇ ਵਿਸਕੀ ਦੀ ਗੰਧ ਦੇ ਅੰਗਰੇਜ਼ ਛੱਪੜ,
ਬੈਂਕਾਂ 'ਚ ਜਮ੍ਹਾਂ ਹੁੰਦੇ ਹਫ਼ਤੇ 'ਚ ਕਮਾਏ ਛਾਲੇ,
ਸਟੋਰਾਂ 'ਚ ਭੁਰਦੀਆਂ ਮੁੜ੍ਹਕੇ ਦੀਆਂ ਮਾਸੂਮ ਡਲੀਆਂ....

ਪਰ ਕੁਝ ਤਾਂ ਵਾਪਰੇ
ਮੇਲੇ 'ਚ ਪਕੌੜਿਆਂ ਸੰਗ ਤਲੀਦੀ ਧੂੜ ਵਰਗਾ,
ਕੰਧੋਲੀਆਂ 'ਤੇ ਗੋਹੇ ਨਾਲ ਵਾਹੀਆਂ ਮੋਰਨੀਆਂ ਵਰਗਾ,
ਸਾਈਕਲ ਤੇ ਟੰਗੀ ਗੱਤੇ ਦੀ ਰੰਗੀਨ ਭੰਬੀਰੀ ਵਰਗਾ,
ਛੀਂਟ ਦੀ ਕੁੜਤੀ 'ਚੋਂ ਵਰ੍ਹੇ ਛਿਮਾਹੀ ਖਿੰਡਦੀ
ਫਨੈਲ ਦੀ ਗੰਧ ਵਰਗਾ - - - -
ਕੁਝ ਤਾਂ ਵਾਪਰੇ . . .

---

# ਭਾਖਿਆ

ਹਰਜੀਤ ਦੌਧਰੀਆ

ਚੇਤਨਾ ਹੋਈ ਮੁਟਿਆਰ
ਚਿੱਤ ਹੋਇਆ ਅੰਗਿਆਰ
ਲੁਟੇਰੀ ਫਿਰੇ ਭੂਤਰੀ
ਸਥਿਤੀ ਹੋਈ ਗਰਭਵਤੀ
ਤੇ ਮਾਇਆ ਆਣ ਤ੍ਰਹਿਕੀ—

ਵਿਸ਼ਾ ਹੈ ਅਨਕੂਲ
ਸਮਾਂ ਰਿਹੈ ਘੂਰ
ਕਈ ਘਰੜ ਗਿਆਨੀ
ਕੁਝ ਕਰਮ ਨਾ ਜਾਨੀ
ਨਾ ਉਹ ਚੜ੍ਹਨਹਾਰ
ਨਾ ਉਹ ਉਤਰੇ ਪਾਰ
ਨਾ ਉਹ ਕਰਨਹਾਰ
ਨਾ ਉਹ ਕਰਾਵਣਹਾਰ—

ਉਲਟੇ ਉਲਟੇ ਕਰਨ ਵਖਿਆਨ
ਕਰਨੀ ਤਾ ਆਪੋ ਆਪਣੀ
ਪਰ ਲਿਖਿਐ ਸਾਡੇ ਨਾਲ"
ਧਿਰਗ ਇਨ੍ਹਾਂ ਦਾ ਜੀਵਣਾ
ਧਿਰਗ ਇਨ੍ਹਾਂ ਦੀ ਆਸ
ਭੱਠ ਇਨ੍ਹਾਂ ਦੀ ਦੋਸਤੀ
ਭੱਠ ਇਨ੍ਹਾਂ ਦੀ ਲੱਜ
ਹੱਸ ਹੱਸ ਲੈਂਦੇ ਯਾਰੀਆਂ
ਰੋ ਰੋ ਜਾਂਦੇ ਭੱਜ—

ਹੋਏ ਸੱਖਣੇ ਵਿਚਾਰ
ਖੜ ਖੜ ਕਰਨ ਅਧਾਰ
ਦੂਰੋਂ ਲੱਗਣ ਜਾਗਦੇ
ਪਰ ਅੰਦਰੋਂ ਸੁੱਤੇ
ਉਤੋਂ ਜਾਪਣ ਰਿਸ਼ਟ ਪੁਸ਼ਟ
ਪਰ ਅੰਦਰੋਂ ਲੁੱਚੇ
ਬਾਹਰੋਂ ਪ੍ਰੇਮ ਭਾਵ ਜਤੋਂਦੇ
ਅੰਦਰ ਛਿੱਤਰੀਂ ਦਾਲ ਵੰਡੇਂਦੇ—

ਕਲਮਾਂ ਦੁਆਤਾਂ ਦੇ ਟੂਣੇਹਾਰ
ਕਾਗਜ਼ੀ ਭਲਵਾਨ
ਸਦਾ ਕੁਰਸੀ ਦੇ ਚਾਹਵਾਨ
ਅੰਦਰੋਂ ਖਾਣ ਡਿੱਕ-ਡੋਲੇ
ਝੋਲੇ ਦੇ ਮਾਰੇ
ਉਤੋਂ ਸਦੋਣ ਪੰਜ ਹਜ਼ਾਰੇ
ਉਤੋਂ ਲੌਣ ਜਮਾਤੀ ਨਾਰ੍ਹੇ
ਵਿਚੋਂ ਕੂੜ ਦੇ ਵਣਜਾਰੇ—

ਥਾਂ ਥਾਂ ਹੋਲ੍ਹੀਆਂ ਦਿੰਦੇ ਫਿਰਦੇ
ਟਟ੍ਹੀਰੀ ਵਾਂਗੂੰ ਟਿਆਕਦੇ
ਮੇਮਣੇ ਵਾਂਗੂ ਮਿਆਂਕਦੇ
ਲੋਕੋ !
ਤੁਸੀਂ ਆਪੇ ਦੱਸੋ
ਇਨ੍ਹਾਂ ਨੂੰ ਕੋਈ ਕੀ ਸਮਝਾਵੇ
ਹੱਥਲ ਮੱਝ ਅੱਗੇ
ਬੀਨ ਕੌਣ ਬਜਾਵੇ !
ਤੁਸੀਂ ਦੇਖੋ ਤੋਲੋ
ਮੂੰਹਾਂ 'ਚ ਹੱਕੀ ਜੀਭਾਂ ਲਾਕੇ
ਹੱਕ ਸੱਚ ਦੀ 'ਜੈ' ਬੋਲੋ—

o o o

# ਸੱਖਣਾ ਦਿਲ

ਸ਼ਮਸ਼ੇਰ ਭੱਟੀ

ਤਾਕੀ ਚੋਂ ਆਉਂਦੀ ਲੋ ਨਾਲ ਉਹਦੀ ਅੱਖ ਨੇ ਵੀ ਲੋ ਫੜੀ। ਸਿਰ ਥੱਲਿਉਂ ਬਾਂਹ ਕੱਢ ਘੜੀ ਤੇ ਟਾਇਮ ਵੇਖਿਆ। ਦਸ ਵੱਜਣ ਵਾਲੇ ਸਨ। ਕਾਹਲੀ ਨਾਲ ਉਠ ਉਹ ਬਿਸਤਰੇ ਤੇ ਬੈਠ ਗਿਆ। ਅਜੀਬ ਜਿਹੀ ਨਜ਼ਰ ਨਾਲ ਆਸੇ ਪਾਸੇ ਤੱਕਿਆ। ਅੱਖਾਂ 'ਚ ਰੜਕ ਸੀ। ਰੜਕ ਤੋੜਨ ਲਈ ਉਹਨੇ ਅੱਖਾਂ ਮਲੀਆਂ। ਉਹਨੂੰ ਲੱਗਿਆ ਇਕ ਪਪੋਟੇ 'ਚ ਕੁੱਝ ਚੋਭਿਆ ਹੈ। ਦੋਵੇਂ ਹੱਥ ਅੱਗੇ ਤਾਣ ਕੇ ਆਕੜਨ ਲੱਗਾ। ਹੱਡ ਸਨ ਉਖੜੇ ਉਖੜੇ। ਜਿਸਮ ਤੋਂ ਭਿੱਜੇ। ਵਿਪਰੀਤ ਮੋਢਿਆਂ ਨੂੰ ਫੜ ਖਿਚਿਆ ਜੀਕ ਸਿਰੀ ਨਿਕਲ ਚੱਲੀ ਸੀ। "ਹਾਇ ਉਇ" ਕਹਿੰਦਾ ਮੁੜ ਬਿਸਤਰੇ 'ਚ ਲਿਟਣ ਲੱਗ ਗਿਆ ਸੀ, 'ਇਥੇ ਤਾਂ ਸਾਲੇ ਛੱਟੇ ਖਿਚਦੇ ਆ ਹੱਡਾਂ ਨੂੰ।' ਫਿਰ ਕੁੱਝ ਸੋਚਦਿਆਂ ਕੁਰਸੀ ਦੇ ਸਹਾਰੇ ਵੱਖੀ ਭਾਰ ਉਠਦਿਆਂ ਤਾਕੀ ਦਾ ਪਰਦਾ ਪਰਾਂ ਕੀਤਾ। "ਓਹੋ, ਬੜੀ ਬਰਫ ਪਈ ਆ ਰਾਤੀਂ ਤਾਂ। ਵੰਡਰਫੁਲ ਚਿੱਟੀ ਬਰਫ।" ਸਭ ਪਾਸੇ ਬਰਫ ਹੀ ਬਰਫ ਵੇਖ ਉਹ ਹੈਰਾਨ ਹੋ ਗਿਆ। ਚਿੱਟੀ ਬਰਫ ਤੋਂ ਤਿਲਕ ਤਿਲਕ ਪੈਂਦੀ ਧੁੱਪੀਆ ਚਮਕੋਰ ਨੇ ਪਲ ਭਰ ਲਈ ਉਹਦੀਆਂ ਅੱਖਾਂ ਮੁੰਦ ਦਿੱਤੀਆਂ।

'ਉਦੋਂ ਅਜੇ ਥੋੜੀ ਥੋੜੀ ਰੂੰਈ ਡਿਗਦੀ ਸੀ ਰਾਤੀਂ ਜਦੋਂ ਕੱਲ੍ਹ ਦੇ ਘਰੋਂ ਆਇਆ ਸੀ। ਖੁਸ਼ੀ ਨਾਲ ਸ਼ਰਾਬ ਪੀਆ ਸੀ।' ਇਹ ਖਿਆਲ ਆਉਂਦਿਆਂ ਹੀ ਉਹਨੂੰ ਖੁਸ਼ੀ ਲੱਗਿਆ। 'ਠੰਡੀ ਗਲ ਹੋਈ' ਸੋਚਦਿਆਂ ਉਹਨੇ ਚਮਕੋਰ ਰੋਕਣ ਲਈ ਜ਼ੋਰ ਦੀ ਅੱਖਾਂ ਮੀਚੀਆਂ। ਖੁਲਦੀਆਂ ਅੱਖਾਂ ਉਹਦੀ ਆਪਣੀ ਫੋਟੋ ਤੇ ਪਈਆਂ। ਕੁੱਝ ਦੇਰ ਫੋਟੋ ਵੱਲ ਝਾਕਦਾ ਰਿਹਾ। 'ਕਿਰਨੀ ਨੇ ਖਿਚੀ ਸੀ ਉਨਟੇਰੀਓ ਪਲੇਸ ਦੇ ਬਗੀਚੇ 'ਚ। ਕਿਰਨੀ ਦਾ ਵੀ ਸ਼ੌਕ ਹੀ ਹਾਲ ਆ। ਪਤਾ ਨੀ ਕਿਉਂ ਇਹਨਾਂ ਪੰਛੀਆਂ, ਰੁੰਡ ਮੁੰਡ ਦਰਖਤਾਂ, ਕਿਸੇ ਖਾਸ ਦਸ਼ਾ ਕਿਰਤੀਆਂ ਦੀਆਂ ਫੋਟੋਆਂ ਖਿਚਣ 'ਚ ਦਿਲਚਸਪੀ ਲੈਂਦਾ ਆ।' ਫੋਟੋ ਦੇ ਪਸਾਰ 'ਚ ਪਸਰੀ ਉਦਾਸੀ ਉਹਨੂੰ ਆਪ ਨੂੰ ਚੁੱਭਣ ਲੱਗੀ ਸੀ। ਉਹ ਉਦਾਸ ਸੀ। ਉਦਾਸ ਉਦਾਸ ਉਹ ਛੱਤ ਵੱਲ ਵੇਖਣ ਲੱਗਾ। ਛੱਤ ਵੱਲ ਵੇਖਦਿਆਂ ਉਹਨੂੰ ਬਿਸਤਰੇ ਦੇ ਪਸਾਰ 'ਚ ਖਾਲੀ ਜਗ੍ਹਾ ਦਾ ਅਹਿਸਾਸ ਹੋ ਗਿਆ ਸੀ। ਉਸਦੇ ਮਨ 'ਚ ਕੁੱਝ ਹੋਣ ਲੱਗਾ। ਇਕ ਟੁੱਟ ਭੱਜ। ਇਹ ਟੁੱਟ ਭੱਜ ਉਹਦੇ ਦਿਲ 'ਚ ਵੀ ਇਕ ਸਖਣੇਪਣ ਦਾ ਅਹਿਸਾਸ ਜਗਾ ਗਈ। ਸਖਣਾਪਣ ਜਿਹਨੇ ਕਦੀ ਉਹਨੂੰ ਖਾਲੀ ਵੀ ਨਹੀਂ ਸੀ ਰਹਿਣ ਦਿੱਤਾ ਤੇ ਜਿਹੜਾ ਕਦੀ ਭਰਿਆ ਵੀ ਨਹੀਂ ਸੀ।

ਉਹ ਮੁੜ ਬਾਹਰ ਤੱਕਣ ਲੱਗਾ। ਧਰਤੀ ਤੋਂ ਅਸਮਾਨ ਤੱਕ ਵਾਯੂਮੰਡਲ ਸਾਫ ਸੀ। ਬਰਫ ਨੇ ਸਾਰੀ ਗਰਦ ਧੋ ਦਿੱਤੀ ਸੀ। ਧੁੱਪ 'ਚ ਤੇਜ਼ ਚਮਕ ਤੇ ਚਮਕੋਰ ਸੀ। 'ਇਵੇਂ ਤਾਂ ਮੌਂਟਰੀਆਲ ਦਾ ਦ੍ਰਿਸ਼ ਹੁੰਦਾ ਸੀ।' ਸੋਚਦਿਆਂ ਹੀ ਉਹਨੂੰ ਮੀਸ਼ੈਲ ਦੀ ਯਾਦ ਆਈ। 'ਮੀਸ਼ੈਲ ਚਮਕੋਰ ਵਰਗੀ ਸਾਫ ਸਾਫ, ਧੁੱਪ ਵਾਂਗੂ ਹੱਥਾਂ 'ਚ ਤਿਲਕ ਤਿਲਕ ਜਾਂਦੀ ਮੀਸ਼ੈਲ। ਇਕੱਠੇ ਯਾ, ਪੈਂਦੀ ਬਰਫ 'ਚ ਘੁੰਮਦੇ ਰਹੇ ਸਨ। ਬਰਫ ਤੇ ਪਏ ਸਨ। ਇਕ ਦੂਜੇ ਦੇ ਚਿਹਰੇ ਬਰਫ ਨਾਲ ਮਲੇ ਸਨ।'

ਉਦਣ ਕ੍ਰਿਸਮਿਸ ਰਾਤ ਨੂੰ ਮੀਸ਼ੈਲ ਦੇ ਮੰਮੀ ਡੈਡੀ ਨੇ ਉਹਨਾਂ ਨੂੰ ਘਰ ਸੱਦਿਆ ਸੀ। ਉਥੇ ਮੀਸ਼ੈਲ ਦੇ ਬਾਕੀ ਭੈਣ ਭਰਾ ਵੀ ਸਨ। ਟਰਕੀ ਖਾਧੀ ਗਈ ਸੀ। ਸੁਗਾਤਾਂ ਦੇ ਅਦਲ ਬਦਲ ਹੋਏ ਸਨ। ਚੁੰਮਣ ਵੰਡੇ ਗਏ ਸਨ। ਕ੍ਰਿਸਮਿਸ ਫੈਸਟ ਤੋਂ ਬਾਅਦ ਸਭ ਆਪਣੇ ਆਪਣੇ ਘਰ ਚਲੇ ਆਏ ਸਨ। ਉਸ ਰਾਤ ਮੀਸ਼ੈਲ ਉਹਦੇ ਨਾਲ ਨਹੀਂ ਸੀ ਆਈ। ਉਦੋਂ ਇਮਾਰਤ ਦੀ ਪੰਜਵੀਂ ਮੰਜ਼ਿਲ ਤੇ ਅਪਾਰਟਮੈਂਟ 'ਚ ਰਹਿੰਦਾ ਸੀ। ਤੀਜੇ ਦਿਨ ਕੰਮ ਤੋਂ ਮੁੜਿਆ ਸੀ ਤਾਂ ਲਿਫਟ 'ਚੋਂ ਬਾਹਰ ਨਿਕਲਦਿਆਂ ਮੀਸ਼ੈਲ ਦਰਵਾਜ਼ਾ ਖੋਲ੍ਹੀ ਖੜੀ ਸੀ। ਥੋੜ੍ਹਾ ਨੇੜੇ ਆਉਂਦਿਆਂ ਹੀ ਪੁਛਿਆ ਸੀ "ਕਦੋਂ ਆਈ ਸੀ ਮੀਸ਼ੈਲ।"

"ਦੁਪਿਹਰ ਦੁ ਵੇਲੇ। ਤੇਰੀ ਉਡੀਕ ਕਰ ਰਹੀ ਸੀ।"

"ਮੈਂ ਫੋਨ ਵੀ ਕੀਤਾ ਸੀ ਤਰਕਾਲੀਂ, ਤੂੰ ਘਰ ਨਹੀਂ ਸੀ ਮਿਲੀ।"

"ਮੈਂ ਘਰ ਹੀ ਸੀ, ਪਿਛੋਤਾਣ" ਅੰਦਰ 'ਚ ਵੜਦਿਆਂ ਮੀਸ਼ੈਲ ਨੇ ਉਹਨੂੰ ਜੱਫੀ ਪਾ ਲਈ ਸੀ। "ਪਿਛੋਤਾਣ 'ਚ," ਦਰਵਾਜ਼ੇ 'ਚ ਪੈਰ ਪਾਉਂਦਿਆਂ ਉਹ ਹੈਰਾਨ ਹੋ ਗਿਆ ਸੀ। ਮੀਸ਼ੈਲ ਦਾ ਅਟੈਚੀ ਤੇ ਕੁੱਝ ਕਪੜੇ ਪਏ ਸਨ। "ਇਹ ਕੀ ਮੀਸ਼ੈਲ," ਉਸ ਜਲਦੀ ਨਾਲ ਪੁੱਛਿਆ ਸੀ।

"ਮੈਂ ਇਥੇਂ ਆ ਰਹੀ ਆਂ" ਜੱਫੀ ਛੱਡ ਡਾਈਨਿੰਗਟੇਬਲ ਦੀ ਇਕ ਕੁਰਸੀ ਤੇ ਬੈਠਦਿਆਂ ਉਹ ਬੋਲੀ ਸੀ।

"ਕਿਉਂ ਕੀ ਗੱਲ ਹੋ ਗਈ ਮੀਸ਼ੈਲ"

"ਪਰਸੋਂ ਕ੍ਰਿਸਮਿਸ ਰਾਤ, ਤੂੰ ਮੈਨੂੰ ਬੇਇਜ਼ਤ ਕਰ ਦਿੱਤਾ ਸੀ।"

"ਬੇਇਜ਼ਤ!"

"ਹਾਂ, ਉਸ ਰਾਤ ਜਦੋਂ ਅਸੀਂ ਸੁਗਾਤਾਂ ਵਟਾ ਰਹੇ ਸੀ ਤੂੰ ਮੈਨੂੰ ਚੁੰਮਿਆ ਨਹੀਂ ਸੀ। ਮੇਰੇ ਮੰਮੀ ਡੈਡੀ ਕੀ ਸੋਚਦੇ ਹੋਣਗੇ।"

"ਮੈਨੂੰ ਇਸ ਰਿਵਾਜ ਬਾਰੇ ਬਹੁਤਾ ਪਤਾ ਨਹੀਂ ਸੀ। ਨਾਲੇ ਮੈਂ ਸੰਗ ਗਿਆ ਸੀ। ਪਤਾ ਨਹੀਂ ਕਿਉਂ? ਸ਼ਾਇਦ ਮੈਂ ਸੋਚਦਾ ਸੀ ਕਿ ਤੇਰੇ ਮਮੀ ਡੈਡੀ ਦੇ ਸਾਹਮਣੇ ਤੈਨੂੰ ਚੁੰਮਦਿਆਂ ਕੋਈ ਗੁਸਤਾਖੀ ਕਰ ਰਿਹਾ ਹੋਵਾਂ।"

"ਪਰ ਉਹ ਸੋਚਦੇ ਹੋਣਗੇ ਕਿ ਤੂੰ ਮੈਨੂੰ ਪਿਆਰ ਨਹੀਂ ਕਰਦਾ।" ਉਹ ਬੋਲੀ ਸੀ।

"ਇਹ ਗੱਲ ਤਾਂ ਨਹੀਂ ਮੀਸ਼ੈਲ, ਪਰ ਮੈਨੂੰ ਇਸ ਗੱਲ ਦਾ ਅਫ਼ਸੋਸ ਆ।

"ਪਰ ਤੂੰ ਕਦੀ ਇਹ ਵੀ ਤਾਂ ਨਹੀਂ ਕਿਹਾ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ।

"ਇਸ ਗੱਲ ਦਾ ਮੈਨੂੰ ਅਹਿਸਾਸ ਹੈ, ਮੀਸ਼ੈਲ।

"ਨਾਲੇ ਤੂੰ ਮੈਨੂੰ ਕਦੀ ਪਿਆਰ ਦਾ ਪ੍ਰਸਤਾਵ ਤੱਕ ਵੀ ਤਾਂ ਨਹੀਂ ਰੱਖਿਆ।

"ਮੈਨੂੰ ਇਸ ਗੱਲ ਦਾ ਵੀ ਅਹਿਸਾਸ ਹੈ।

"ਮੈਂ ਕੋਈ ਦੋਸ਼ ਦਾ ਤਾਂ ਨਹੀਂ, ਤੇਰੇ ਨਾਲ ਰਹਿੰਦੀ ਆਂ ਤਾਂ ਇਹ ਦਾ ਮਤਲਬ ਇਹ ਨਹੀਂ ਕਿ ਤੂੰ ਮੈਨੂੰ ਕੁਝ ਸਮਝੇਂ ਨਾਂ, ਮੇਰਾ ਮਤਲਬ ਮੇਰੀ ਹਸਤੀ ਨੂੰ। ਮੇਰਾ ਮਤਲਬ ਤੂੰ ਦਿਖਾਏਂ ਕਿ ਤੂੰ ਮੇਰਾ ਸਾਥ ਕਰਦਾ ਮੈਨੂੰ ਆਦਰ ਦਿੰਦਾ, ਜਿਸ ਨਾਲ ਮੈਨੂੰ ਤਸੱਲੀ ਰਹੇ।

"ਮੈਨੂੰ ਇਸ ਦਾ ਅਹਿਸਾਸ ਹੈ ਮੀਸ਼ੈਲ! ਮੈਂ ਇਹ ਸਭ ਕੁਝ ਮਹਿਸੂਸ ਕਰਦਾ ਆਂ।" ਉਦੋਂ ਉਹਨੇ ਧਾ ਜੱਫੀ ਆ ਪਾਈ ਸੀ। ਬੁੱਲ੍ਹ ਚੁੰਮੇ ਸਨ। "ਤੂੰ ਕਿੰਨਾ ਚੰਗਾ ਆਂ ਫਿਰ ਵੀ ----- ਤੇਰੀ ਚੁੱਪ ਵੀ ਧੂਹ ਪਾਉਂਦੀ ਆ ---- ਪਰ ਬਹੁਤੀ ਚੁੱਪ ਤਾਂ ਚੰਗੀ ਨਹੀਂ। ਆਦਮੀ ਨੂੰ ਚਾਹੀਦਾ ਜੋ ਕੁਝ ਸੋਚੇ ਜਾਂ ਮਹਿਸੂਸ ਕਰੇ ਕਿਸੇ ਨੂੰ ਦੱਸੇ ਕਿਸੇ ਨੂੰ ਪੁੱਛੇ।"

ਉਦੋਂ ਮੀਸ਼ੈਲ ਦਾ ਸਿਰ ਉਹਦੇ ਮੋਢੇ ਤੇ ਸੀ। ਛਾਤੀ ਨਾਲ ਲੱਗੀ ਨੇ ਉਹਦਾ ਇਕ ਹੱਥ ਆਪਣੀ ਕਮਰ ਦੁਆਲੇ ਵਲ ਲਿਆ ਸੀ। ਦੂਜਾ ਹੱਥ ਉਹਦੇ ਵਾਲਾਂ 'ਚ ਫੇਰਦਾ ਉਹ ਸੋਚ ਰਿਹਾ ਸੀ ਕਿ 'ਚੁੱਪ ਰਹਿਣ ਨਾਲ ਵੀ ਕਿੰਨਾ ਵਿਗਾੜ ਪੈ ਸਕਦਾ।' ਸੋਚਦਿਆਂ ਹੀ ਉਹਨੇ ਪੁੱਛਿਆ ਸੀ "ਤੂੰ ਚਲੀ ਜਾਏਂਗੀ ਮੀਸ਼ੈਲ?"

"ਮੈਂ ਇਹ ਫੈਸਲਾ ਕਰ ਚੁੱਕੀ ਆਂ" ਜੱਫੀ ਛੱਡਦਿਆਂ ਉਹ ਬੋਲੀ ਸੀ। "ਤੂੰ ਮੈਨੂੰ ਟੈਕਸੀ ਬੁਲਾ ਦੇ।"

"ਹੁਣ ਤੂੰ ਕਿੱਥੇ ਰਹੇਂਗੀ ਮੀਸ਼ੈਲ, ਮੇਰਾ ਮਤਲਬ ਕੋਈ ਜਗ੍ਹਾ ਲੱਭੀ ਆ ਕਿ ਨਹੀਂ।" ਟੈਲੀਫੂਨ ਕਰਦਿਆਂ ਪੁੱਛਿਆ ਸੀ।

"ਆਪਣੀ ਮੱਮੀ ਡੈਡੀ ਦੇ ਘਰ ਰਹੂੰਗੀ ਕੁਝ ਦਿਨ ਫਿਰ ਕੋਈ ਆਪਣਾ ਕਮਰਾ ਕਿਰਾਏ ਤੇ ਲੱਭ ਲਊਂਗੀ।"

ਇਕ ਹੱਥ 'ਚ ਅਟੈਚੀ ਤੇ ਦੂਜੀ ਬਾਂਹ ਤੇ ਕੁਝ ਕੱਪੜੇ ਲਟਕਾਈ ਇਹਦਾ ਕਹਿਣ ਵੇਲੇ ਉਹ ਉਹਦੇ ਵੱਲ ਦੇਖੀ ਜਾ ਰਹੀ ਸੀ। ਪਹਿਲਾਂ ਥੋੜਾ ਮੁਸਕਰਾਈ ਸੀ ਫਿਰ ਉਹਦੀਆਂ ਅੱਖਾਂ 'ਚ ਹੰਝੂ ਵਹਿ ਤੁਰੇ ਸਨ। ਅਟੈਚੀ ਮੁੜ ਫਰਸ਼ ਤੇ ਰੱਖ ਹੰਝੂ ਪੂੰਝਦੀ ਬੋਲੀ ਸੀ, "ਦੇਖ ਤੇਰੇ ਦਿਲ ਦੀ ਉਦਾਸੀ ਤੇਰੇ ਚਿਹਰੇ ਦਿਖਦੀ ਪਈ ਆ। ਪਰ ਤੂੰ, ਨਾ ਤਾਂ ਬੁੱਲ੍ਹਾਂ ਤੇ ਕੋਈ ਗਲ ਆਉਣ ਦਿੰਦਾ ਨਾ ਅੱਖਾਂ 'ਚ ਹੰਝੂ। ਮੈਂ ਇਹ ਮਹਿਸੂਸ ਕਰ ਸਕਦੀ ਆਂ। ਕੱਲੇ ਦਿਲ ਨੂੰ ਇਹ ਸਭ ਕੁਝ ਸਹਿਣਾ ਕਿੰਨਾ ਔਖਾ ਹੁੰਦਾ ਹੋਵੇਗਾ।

"ਮੀਸ਼ੈਲ ਨੂੰ ਘੁੱਟ ਲਵੇ, ਚੁੰਮ ਲਵੇ, ਉਹਨੂੰ ਨਾ ਜਾਣ ਦੇਵੇ, ਉਹਨੂੰ ਮਨਾ ਲਵੇ" ਸੋਚਦਿਆਂ ਉਹ ਬੋਲਿਆ ਸੀ "ਚੱਲ ਮੈਂ ਤੈਨੂੰ ਟੈਕਸੀ ਤੱਕ ਛੱਡ ਆਉਂਦਾ ਹਾਂ।" "ਨਹੀਂ ਨਹੀਂ, ਮੈਂ ਕੱਲੀ ਹੀ ਜਾਊਂਗੀ। ਮੇਰਾ ਫੈਸਲਾ ਥੋੜ੍ਹਾ ਥੋੜ੍ਹਾ ਹਿਲਦਾ ਲਗਦਾ। ਮੇਰੇ ਕੋਲੋਂ ਹੋਰ ਸਹਾਰਿਆ ਨਹੀਂ ਜਾਂਦਾ ਨਾਲੇ ਤਦ ਤੱਕ ਤਾਂ ਮੈਂ ਰੋ ਪਊਂਗੀ।"

ਤੇ ਮੀਸ਼ੈਲ ਚਲੇ ਗਈ ਸੀ। ਹੁਣ ਉਹਦੀਆਂ ਆਪਣੀਆਂ ਅੱਖਾਂ 'ਚ ਹੰਝੂ ਵਹਿ ਤੁਰੇ ਸਨ।

"ਮੁੜਦੀ ਨਿਗਾਹ ਅੰਗਣ ਦੇ ਵਿਚਕਾਰ ਇਕ ਛੋਟੇ ਜਿਹੇ ਪੌਦੇ ਤੇ ਪਈ। ਜਿਹਦੀ ਇਕ ਸ਼ਾਖ ਬਰਫ ਥੱਲੇ ਦੱਬੀ ਪਈ ਸੀ। ਪੌਦਾ ਨਿਰੰਤਰ ਝੂਮੀ ਜਾ ਰਿਹਾ ਸੀ। ਕਦੀ ਕਿਤੇ ਹਵਾ ਦੇ ਤੇਜ਼ ਬੁੱਲੇ ਨਾਲ ਉਹਦੀ ਗਤੀ ਵਧ ਜਾਂਦੀ ਅਤੇ ਸ਼ਾਖ ਬਰਫ ਤੋਂ ਆਜ਼ਾਦ ਹੋਣਾ ਚਾਹੁੰਦੀ ਸੀ। ਸਭ ਪਾਸੇ ਬਰਫ ਹੀ ਬਰਫ ਤੇ ਇਹ ਪੌਦਾ ਅਤੇ ਉਹਦਾ ਨਿਰੰਤਰ ਝੂਮੀ ਜਾਣਾ ਉਹਦੇ ਅੰਦਰ ਇਕ ਅਨੁਰਾਗ ਛੇੜ ਗਿਆ। ਇਕ ਹੌਸਲੇ ਭਰੀ ਜੀਵਨ ਦੀ ਝਣਕਾਰ। ਉਹ ਮੁਸਕਰਾਇਆ। ਖੁਸ਼ੀ ਖੁਸ਼ੀ ਮੁੜ ਮੰਜੇ ਤੇ ਲੇਟ ਗਿਆ।

ਲੇਟਿਆਂ ਕੁਝ ਹੀ ਪਲਾਂ ਬਾਅਦ ਟੈਲੀਫੂਨ ਦੀ ਘੰਟੀ ਖੜਕੀ "ਟ-ਣ ਣ-ਣ-ਨ, ਟਣਣਨ—" ਹੱਥ ਵਧਾ ਸਿਰਹਾਣੇ ਨਾਲ ਪਏ ਮੇਜ਼ ਤੋਂ ਉਸ ਟੈਲੀਫੂਨ ਚੁੱਕਿਆ, "ਹੈਲੋ"

---

"ਲਿਖਿਆ ਆ ਸੀ."

"ਪਤਾ ਨੀ"

"ਪਤਾ ਨੀ ਕਿੱਥੋਂ ਛਿੜੀ ਸੀ"

"ਘੁੱਟੇ ਲਗਿਆਂ ਆ ਸੀਗਾ"

"ਨਹੀਂ, ਅਜੇ ਨਹੀਂ"

"ਚੰਗਾ, ਓ. ਕੇ.

"ਰਾਤੀਂ ਕੱਲੀ ਨਾਲ ਝਗੜ ਪਿਆ ਸੀ," ਉਹਦੇ ਮਨ 'ਚ ਕਚੀਚਾਹ ਜਿਹੀ ਭਰ ਗਈ। 'ਕੱਲੀ ਉਸ ਦਾ ਸਭ ਤੋਂ ਪਹਿਲਾ ਤੇ ਪੁਰਾਣਾ ਦੋਸਤ ਸੀ। ਪੰਦਰਾਂ ਸਾਲਾਂ ਦੀ ਸਾਂਝ ਸੀ ਉਹਦੀ ਕੱਲੀ ਨਾਲ। ਰਾਤੀਂ.... ।' ਉਹਦਾ ਦਿਲ ਕੀਤਾ ਕੱਲੀ ਨੂੰ ਫੂਨ ਕਰੇ। ਕਾਹਲੀ ਨਾਲ ਉਹ ਨੰਬਰ ਘੁਮਾਇਆ। ਅਜੇ ਪਹਿਲੀ ਰਿੰਗ ਹੋਈ ਸੀ ਦੂਜੇ ਪਾਸੇ ਜਾਣੋਂ ਉਹਨੇ ਫੂਨ ਕੱਟ ਦਿੱਤਾ। ਟੈਲੀਫੂਨ ਮੇਜ਼ ਤੇ ਰੱਖ ਕੇ ਮੁੜ ਲਿਟਦਿਆਂ ਉਹ ਸੋਚਣ ਲੱਗਾ 'ਕੀ ਗੱਲ ਸੀ? ਵਿਸਕੀ ਬੜੀ ਪੀਤੀ ਸੀ ਕੱਲੀ ਨਾਲ ਬੈਠ ਕੇ ਪੰਦਰਾਂ ਸਾਲਾਂ 'ਚ ਪੰਦਰਾਂ ਵਾਰ ਵੀ ਨਾ ਸ਼ਾਇਦ। ਚੰਗੇ ਯਾਰਾਂ ਨਾਲੋਂ ਸ਼ਰਾਬ ਕੋਈ ਚੰਗੀ ਆ। ਮੁੜ ਸ਼ਰਾਬ ਪੀਊ ਜਿਹੜਾ.....।' ਆਪਣੇ ਆਪ ਨੂੰ ਗਾਲ੍ਹ ਦਿੰਦਾ ਉਹ ਉਠਿਆ ਤੇ ਬੋਲਿਆ "ਛੱਡ ਯਾਰ।"

ਬੇਧਿਆਨੇ ਹੀ ਹੱਥ ਵਧਾ ਸਿਰਹਾਣੇ ਵਾਲੇ ਮੇਜ਼ ਉੱਤੋਂ, ਪਿੱਛੋਂ ਆਈ ਛੋਟੀ ਭੈਣ ਦੀ ਚਿੱਠੀ ਚੁੱਕ ਪੜ੍ਹਨ ਲੱਗਾ। ਕਈ ਵਾਰ ਪੜ੍ਹ ਚੁੱਕਾ ਸੀ ਇਹ ਚਿੱਠੀ, ਜਵਾਬ ਦੇਣਾ ਸੀ। ਜਵਾਬ ਦੇਣ ਨੂੰ ਇਹ ਤੇ ਪਹਿਲਾਂ ਆਈਆਂ ਦੋ ਚਿੱਠੀਆਂ ਹੋਰ ਪਈਆਂ ਸਨ। ਪਹਿਲਾਂ ਵੀ ਲਿਖਿਆ ਹੁੰਦਾ "ਬੀਜੀ ਬਹੁਤ ਫ਼ਿਕਰ ਕਰਦੀ ਆ।" ਸਿਹਤ ਬਹੁਤ ਕਮਜ਼ੋਰ ਹੋ ਗਈ ਹੈ। ਲੱਖ ਸਮਝਾਇਆਂ ਵੀ ਨਹੀਂ ਸਮਝਦੀ। ਬਿਲਕੁਲ ਚੁੱਪ ਲਗਦੀ ਆ" ਤੇ ਹੁਣ "ਫ਼ਿਕਰ 'ਚ ਏਨੀ ਕਮਜ਼ੋਰ ਹੋ ਗਈ ਹੈ ਕਿ ਦੂਜੀ ਦਾ ਭੁੱਖ ਵਿਸਣ ਲੱਗ ਪਿਆ ਹੈ। ਅੱਖਾਂ ਤੋਂ ਤਾਂ ਦਿਸਣੋਂ ਹੀ ਰਹਿ ਚੱਲਿਆ ਹੈ। ਅੱਜਕਲ ਕੁਆਉਣੀਆਂ ਪਈਆਂ ਹਨ।" ਅਚਨਚੇਤ ਉਹਦੇ ਸਾਰੇ ਮਨ ਪਛੂਣੇ ਸੋਚਣੇ ਭਰ ਗਏ ਸਨ। ਲਿਟਦਿਆਂ ਲਿਟਦਿਆਂ ਹੀ ਉਹ ਚਿੱਠੀ ਲਿਖਣ ਲੱਗਾ, "ਬੀਜੀ, ਜ਼ਿੰਦਗੀ ਜਿਉਣ ਲਈ ਹੈ ਰੋਣ ਪਿੱਟਣ ਲਈ ਨਹੀਂ। ਬੰਦਾ ਜਿਉਣ ਲਈ ਜੰਮਿਆ ਹੈ ਤਾਂ ਰਾਜੇ ਵਾਂਗ ਜੀਵੇ। ਚੋਰਿਆਂ ਵਾਂਗ ਥੀਵੇ। ਵਿਹਲੀ ਵਾਰ ਕਿਤੇ ਰੋਣ ਧੋਣ ਵਾਲੀਆਂ ਚਿੱਠੀਆਂ ਨਾ ਲਿਖਾਇਆ ਕਰ। ਮੈਨੂੰ ਨਹੀਂ ਚੰਗੀਆਂ ਲਗਦੀਆਂ। ਉਹ ਵੀ ਮਾਵਾਂ ਸਨ ਜੋ ਆਪਣੇ ਪੁੱਤਰਾਂ ਨੂੰ ਫਾਂਸੀਆਂ ਤੇ ਲਟਕਣ ਲਈ ਤੋਰਦੀਆਂ ਸਨ। ਮੈਂ ਤਾਂ ਐਸ਼ ਕਰਦਾਂ, ਕਮਾਉਂਦਾ ਹਾਂ, ਖਾਂਦਾ ਹਾਂ ਖਰਚਦਾ ਹਾਂ। ਇਹੋ ਜਿਹੀਆਂ ਚਿੱਠੀਆਂ ਉਹ ਕਈ ਵਾਰ ਲਿਖ ਚੁੱਕਾ ਸੀ। ਸੁੱਤੇ ਅਸੁੱਤੇ, ਕੰਮ 'ਚ ਰੁੱਝਾ ਹੁੰਦਾ ਜਾਂ ਕਿਤੇ ਕੋਈ ਕਿਤਾਬ ਪੜ੍ਹਦਿਆਂ ਬੇਧਿਆਨੀ 'ਚ। ਇਹ ਲਿਖਤੀ ਰੂਪ 'ਚ ਕਦੀ ਨਹੀਂ ਸਨ ਪਹੁੰਚੀਆਂ। ਜਿਹੜੀ ਕੋਈ ਪਹੁੰਚੀ ਸੀ ਉਹ ਕਦੇ ਇਹੋ ਜਿਹੀ ਨਹੀਂ ਸੀ।

ਟੈਲੀਫੂਨ ਦੀ ਘੰਟੀ ਫਿਰ ਖੜਕੀ।

"ਹੈਲੋ" ਟੈਲੀਫੂਨ ਚੁੱਕਦਿਆਂ ਹੀ ਉਹ ਬੋਲਿਆ।

"ਰੁੱਸ ਕੀ ਗਿਆ ਆਂ ਸੀ ਅਜੇ।"

"ਮੈਂ ਤਾਂ ਕੋਈ ਗਲਤੀ ਨਹੀਂ ਸੀ ਕੀਤੀ"

"ਤੂੰ ਕੀ ਸੋਚਦਾ, ਨੇ ਵੇ"

"ਗੁੱਸਾ ਖਾਂਹਦਾ ਪਰ ਕਰ ਤੱਕ ਸਹਾਰਦਾ ਰਹੇ ਕੋਈ ਇਹੋ ਜਿਹੀਆਂ ਗੱਲਾਂ"

"ਅਹੋ ਦੋਸਤ ਥੋਹੜੇ ਇਕੱਠਣੇ ਦੀ ਰਹਿੰਦੇ ਆ।"

"ਪਿਆਰ ਦੀ"

"ਅ. ਰ ਰ ਰ ਹਾਂ — ਓ. ਕੇ.

"ਪਿਆਰ ਦੀ" ਮੁੜ ਬਿਸਤਰੇ 'ਚ ਲਿਟਦਾ ਉਹ ਬੋਲਿਆ। ਲਿਟਦਿਆਂ ਹੀ ਉਹਨੇ ਰਜਾਈ ਸਿਰ ਤੱਕ ਤਾਣ ਲਈ ਸੀ। ਰਜਾਈ ਦੇ ਹਨੇਰੇ 'ਚ ਉਹਦੇ ਅੱਗੇ ਇਕ ਤਸਵੀਰ ਦੌੜਨ ਲੱਗੀ। ਸਾਂਵਲੀ ਜਿਹੀ ਕੁੜੀ ਦੀ ਤਸਵੀਰ। ਉਹਨੂੰ ਉਹਨੇ ਦਫ਼ਤਰ ਉੱਤੇ ਘੁਮਦਿਆਂ ਤੱਕਿਆ ਸੀ। ਬੁੱਲ੍ਹਿਆਂ 'ਚ ਖੜ੍ਹ ਚੋਰ ਅੱਖਾਂ ਨਾਲ ਕੁੜੀਆਂ ਨੂੰ ਤੱਕਣਾ ਉਹਨੂੰ ਖੁਦ ਵੀ ਚੰਗਾ ਨਹੀਂ ਸੀ ਲਗਦਾ। ਕੁੜੀਆਂ ਮਗਰ ਚੱਕਰ ਕੱਟਣੇ ਵੀ ਭੈੜੇ ਲਗਦੇ। ਪਰ ਉਸ ਸਾਂਵਲੀ ਕੁੜੀ ਨਾਲ ਕਈ ਵਾਰ ਉਸਦੀਆਂ ਅੱਖਾਂ ਵੀ ਮਿਲੀਆਂ ਸਨ। 'ਉਹ ਮੁਸਕਰਾਈ ਵੀ ਸੀ।' ਉਹਨੂੰ ਚੰਗੀ ਵੀ ਲੱਗ ਆਈ ਸੀ।

ਹਰ ਵਾਰ ਉਹ ਸੋਚਦਾ ਉਹਨੂੰ ਬੁਲਾ ਲਵੇ। ਹਰ ਵਾਰ ਹੀ ਉਹਦੀ ਸੋਚ ਟੁੱਟ ਜਾਂਦੀ; 'ਪਤਾ ਨੀ ਜਾਂ ਹੀ ਬੋਲੇ ---- ਖਬਰਿਆ ਬੋਲ ਹੀ ਪਵੇ ---- ਮੁਸਕਰਾਉਂਦੀ ਵੀ ਤਾਂ ਆ ----- ਤਾਂ ਵੀ ਕੋਈ ਜ਼ਰੂਰੀ ਤਾਂ ਨੀ ---- ਕੀ ਪਤਾ ਉਹਨੂੰ ਪੰਜਾਬੀ ਜਾਂ ਆਉਂਦੀ ਹੋਵੇ --- ਕੀ ਪਤਾ ਉਹ ਪੰਜਾਬੀ 'ਚ ਬੋਲਣਾ ਪਸੰਦ ਹੀ ਨਾ ਕਰੇ ---- ਉਹਨੂੰ ਆਪ ਨੂੰ ਕਿਹੜੀ ਬਹੁਤ ਅੰਗਰੇਜ਼ੀ ਆਉਂਦੀ ਆ। ਮਸੀਂ ਗੁਜ਼ਾਰੇ ਜੋਗੀ, ਪਰ ਪਿਛਲੇ ਸ਼ੁੱਕਰਵਾਰ ਪਤਾ ਵੀ ਨਹੀਂ ਲੱਗਾ ਸੀ ਕਿਵੇਂ ਉਹਨੂੰ ਬੁਲਾ ਲਿਆ ਸੀ। "ਮੇ ਆਈ ਹਾਵ ਦੂ ਯੂ ਹਾਰ ਦੇ ਵਾਇਲਨ ਇਫ ਯੂ ਪਰਮਿਟ ਮੀ।"

"ਉਹ ਹੋਰ ਵੀ ਮੁਸਕਰਾਈ ਸੀ। ਉਹਦਾ ਪੂਰਾ ਚੇਹਰਾ ਮੁਸਕਰਾਇਆ ਸੀ। ਚਿਟਿਆਈ ਜਿਹੀ ਦਿਖਾਈ ਗਈ ਸੀ ਉਸ ਦੇ ਸਾਂਵਲੇ ਰੰਗ ਤੇ। ਚਿੱਟੇ ਦੰਦ ਦਿਖਾਉਂਦਿਆਂ ਬੋਲੀ ਸੀ "ਨੋ ਹੋਪ।" ਸੋਚ ਦੀ ਸੋਚ ਗਈ ਸੀ ਛਿਣ 'ਚ ਹੀ। ਉਹ ਤਿਲ ਮਿਲਾ ਕੇ ਰਹਿ ਗਿਆ ਸੀ। ਉਹਨੇ ਹੋਰ ਉਹਨੂੰ ਦੇਖਣਾ ਗਵਾਰਾ ਨਹੀਂ ਸੀ ਕੀਤਾ। ਸੋਚਦਾ ਘਰ ਆ ਗਿਆ ਸੀ ਮੁੜ ਨਹੀਂ ਬੁਲਾਏਗਾ ਕਿਸੇ ਕੁੜੀ ਨੂੰ ਭਾਵੇਂ ਦੰਦੇ ਪਾੜ ਪਾੜ ਕੇ ਦੇਖੇ ਭਾਵੇਂ ਮੁਸਕਰਾ ਮੁਸਕਰਾ ਕੇ ---- ਇਹ ਵੀ ਕੀ ਗੱਲ ਹੋਈ ਇਕ ਕੁੜੀ ਨੇ ਨਾ ਕਹਿ ਦਿੱਤਾ ਤਾਂ ----।' ਉਸਨੂੰ ਆਪਣੇ ਅੰਦਰ ਕਿਸੇ ਅਣਖ ਦੀ ਕਮਜ਼ੋਰੀ ਦੇ ਅਹਿਸਾਸ ਤੇ ਗੁੱਸਾ ਆਇਆ। ਭਾਰੀ ਢੇਰਕਰ

8 ਬਜ਼ਾਰ ਨੇ ਉਹਦਾ ਕੀ ਵਿਗਾੜਿਆ ਸੀ ਕੀ ਗੁਆਇਆ ਸੀ। ਬਜ਼ਾਰ ਚਲਦੇ ਫਿਰਦੇ ਹੋਰ ਹਜ਼ਾਰਾਂ ਲੋਕਾਂ ਨਾਲ ਜਿਵੇਂ ਕੋਈ ਵਾਸਤਾ ਈ ਨਾ ਹੋਵੇ। ਜਲਦੀ ਘਰ ਤੇਜ਼ ਆਇਆ ਸੀ।"

ਰਜਾਈ 'ਚ ਮੂੰਹ ਕੱਢ ਉਹ ਛੱਤ ਵੱਲ ਤੱਕਣ ਲੱਗਾ। ਉਸ ਕੁੜੀ ਦੀ ਤਸਵੀਰ ਹੁਣ ਵੀ ਇਕ ਟਿਕ ਉਹਦੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਸਾਬਤ ਸਬੂਤ। ਸਾਰੀ ਦੀ ਸਾਰੀ। ਉਹ ਫਿਰ ਉਹਨੂੰ ਚੰਗੀ ਲੱਗ ਆਈ ਸੀ। ਉਹਦਾ ਦਿਲ ਕੀਤਾ ਉਹਨੂੰ ਚੁੰਮ ਲਵੇ। ਆਪਣੇ ਬੁੱਲ੍ਹਾਂ ਨੂੰ ਬਣਾਉਟੀਆਂ ਹਵਾਵਾਂ ਦੀ ਗੱਲ੍ਹ ਵੱਲ ਚੁੰਮੀ ਦਾ ਸਾਂਗ ਰਚਾਇਆ "ਚੂੰ-ਚੂੰਮ।" ਆਪਣੇ ਆਪ ਤੇ ਹਾਸਾ ਆਇਆ ਤੇ ਉਸ ਕੁੜੀ ਤੇ ਖੁਸ਼ੀ ਭਰਿਆ ਗੁੱਸਾ। ਉਸ ਕੁੜੀ ਨੂੰ ਮਿੱਠੀ ਜਿਹੀ ਗਾਲ੍ਹ ਕੱਢੀ "ਹਰਾਮੀ ਜਿਹੀ!"

'ਉਹਨੇ ਤੇ ਚਾਰ ਬਣਾਦੇ,' ਸੋਚਦਿਆਂ ਈ ਉਹਨੇ ਲੱਤਾਂ ਦੀ ਅਕੜਾਂਦ ਭੰਨਣੀ ਚਾਹੀ। ਲੱਤਾਂ ਕੱਠੀਆਂ ਕਰਦਿਆਂ ਉਹਦੀ ਚੀਸ ਜਿਹੀ ਨਿਕਲ ਚਲੀ ਸੀ। "ਉਹ ਹਾਏ ਉਏ — ਲੇਖਾ ਲੈਂਦੇ ਮਰ ਜਾਣੇ ਦੇ ਇਹ ਸਰਮਾਏਦਾਰ"। ਬੋਲਦਾ ਉਹ ਹੱਥਾਂ ਨਾਲ ਲੱਤਾਂ ਘੁੱਟਣ ਲੱਗਾ। ਪਲਾਂਟ ਦੇ ਸ਼ਤੀਰ ਉਹਦੀਆਂ ਅੱਖਾਂ ਅੱਗੇ ਤੁਰਨ ਲੱਗੇ। ਉਹਨੂੰ ਲੱਗਿਆ ਜਿਵੇਂ ਪਥਰ ਦੀਆਂ ਸਿਲੀਆਂ ਕਿੱਲ ਲਾਕੇ ਕਿਸੇ ਨੇ ਉਹਦੀਆਂ ਲੱਤਾਂ ਉਤੇ ਠੋਕ ਦਿੱਤੀਆਂ ਹੋਣ।

'ਅਜੇ ਤਾਂ ਮਹੀਨਾ ਵੀ ਨਹੀਂ ਹੋਇਆ ਫੱਟੇ ਖਿੱਚਦੇ ਨੂੰ।' ਸੋਚਦਿਆਂ ਈ ਉਹਨੂੰ ਜਾਗਰ ਸਿੰਘ ਦੀ ਯਾਦ ਆਈ। "ਕੋਈ ਨਹੀਂ ਬਸ ਮਹੀਨੇ ਦੋ ਮਹੀਨੇ ਦੀ ਗੱਲ ਆ। ਹੌਲੀ ਹੌਲੀ ਹੱਥ ਟਿਕ ਜਾਊ ਬੱਲਿਆ। ਪਰਵਾਹ ਨਾ ਕਰ। ਜਦ ਸਰੀਰ ਰਹੇ 'ਚ ਆ ਗਿਆ ਫਿਰ ਤਾਂ ਸਮਝ ਫੂਕਾਂ ਮਾਰ ਮਾਰ ਉਡਾ ਦਏਂਗਾ।" ਮੱਠਾਂ ਨੂੰ ਛੋਹਿਆ ਜਾਗਰ ਸਿੰਘ ਉਸ ਨੂੰ ਹੌਸਲਾ ਦਿੰਦਾ, ਸਮਝਾਉਂਦਾ, "ਇਦਾਂ ਦੀ ਉੱਚੀ ਸੀ ਪਹਿਲਾਂ ਪਹਿਲਾਂ, ਤੀਹ ਸਾਲ ਹੋ ਗਏ ਇਹੋ ਸ਼ੁੱਖ ਮਾਰਦਿਆਂ ਨੂੰ ਅਜੇ ਹੋਰ ਪਤਾ ਨੀ ਕਿੰਨੀ ਕੁ ਆ।"

"ਖਿੱਚ ਲੈ ਖਿੱਚ ਲੈ" ਗੋਰਾ ਸਾਈਕ ਉਹਦਾ ਫੋਰਮੈਨ ਆਪਣੇ ਬੁੱਲ੍ਹਾਂ ਨੂੰ ਤੋੜ ਮਰੋੜ ਕੇ ਟੁੱਟੀ ਜਿਹੀ ਪੰਜਾਬੀ ਕਹਿੰਦਾ। "ਸਾਲਾ ਮੋਇਆਂ ਤੇ ਚੀਤੂਆ ਰਹਿੰਦਾ" ਫੋਰਮੈਨ ਨੂੰ ਗਾਲ੍ਹੀ ਕੱਢਦਿਆਂ ਉਹਨੇ ਉਹਦੀ ਸਾਂਗ ਲਾਉਣ ਦੀ ਕੋਸ਼ਿਸ਼ ਕੀਤੀ। "ਖਿੱਚ ਲੈ, ਖਿੱਚ ਲੈ"

ਉਹਨੂੰ ਜੀਤੇ ਦਾ ਖਿਆਲ ਆਇਆ। ਕਦੀ ਕਦੀ ਉਹ ਵੀ ਉਹਦੀ ਮਦਦ ਕਰਦਾ ਰਹਿੰਦਾ। ਆਪਣੇ ਲੰਬਰ ਦੇ ਫੱਟਿਆਂ ਨੂੰ ਉਤਾਰ ਉਤਾਰ ਧਾਰੇ ਉਤੇ ਸੁੱਟਦਾ ਅਤੇ ਚੇਨ ਉਤੇ ਰੁੜ੍ਹੇ ਆਉਂਦੇ ਫੱਟੇ ਨੂੰ ਸੰਭਿਆਲ ਕਰਦਾ, ਲੱਕ ਹਿਲਾਉਂਦਾ ਆਪਣੀ ਬਣਾਈ ਤੁੱਕ ਗਾਉਂਦਾ "ਮੈਂ ਆਇਆ, ਮੈਂ ਆਇਆ ਚੂੜੇ ਵਾਲੀਏ।" ਪਤਾ ਨੀ ਉਹ ਵਿਆਹਿਆ ਹੋਇਆ ਕਿ ਨਹੀਂ" ਉਹਨੇ ਸੋਚਿਆ। ਪਰ ਉਹਦੇ ਅੰਦਰ ਵਿਆਹ ਬਾਰੀ ਇਕ ਤਰੰਗ ਫਿਰ ਗਈ। ਉਹ ਆਪ ਇਕ ਚੂੜੇ ਵਾਲੀ ਦੀ ਭਟਕਣਾ 'ਚ ਵਹਿ ਤੁਰਿਆ। ਵੱਡੇ ਮੰਜੇ ਦੇ ਪਸਾਰ 'ਚ ਪਿਆ ਉਹਨੇ ਆਪਣੀ ਹੋਂਦ ਨੂੰ ਜੀਵਨ ਦੇ ਚੌੜੇ ਧਰਾਤਲ ਤੇ ਪਸਾਰ ਤੀਬਰ ਉਤਸੁਕਤਾ ਨਾਲ ਘੋਖਣਾ ਚਾਹਿਆ। ਉਹ ਦੇ ਦਿਲ 'ਚ ਅਣਹੋਂਦ ਦੀ ਸੁੰਞ ਇਕ ਹੋਂਦ ਨਾਲ ਭਰਨ ਲੱਗੀ। ਅਣਹੋਂਦ ਤੋਂ ਹੋਂਦ ਵੱਲ ਅਤੇ ਹੋਂਦ ਤੋਂ ਅਣਹੋਂਦ ਵੱਲ ਦਾ ਪ੍ਰਵਾਹ ਵਗਣ ਲੱਗਾ। ਉਹਦੀਆਂ ਅੱਖਾਂ 'ਚ ਵੀ ਵਹਿ ਤੁਰਿਆ। ਤੇ ਉਹਨੇ ਰਜਾਈ ਨਾਲ ਆਪਣੀਆਂ ਅੱਖਾਂ ਕੱਜ ਲਈਆਂ।

0........0........0........0

(ਸਫਾ 30 ਦੀ ਬਾਕੀ)

ਬਾਬਾ ਹੱਸਿਆ, ਓਪਰਾ ਜਿਹਾ - ਪਰ ਲੰਮਾ ਸਾਰਾ ਸਾਹ ਲੈ ਕੇ ਕਹਿੰਦਾ ਗਿਆ," ਕਾਕਾ ਜੇ ਕਿਸੇ ਨੂੰ ਬਚਨ ਦੇਈਏ ਤਾਂ ਪੂਰਾ ਕਰੀਏ, ਕਿਉਂ ਜੇ ਨਾਂਹ ਕਰੇਂਗਾ ਨਾਂ, ਤਾਂ ਨੁਕਸਾਨ ਤੇਰਾ ਜ਼ਿਆਦਾ ਹੋਊ - ਪਤੈ ਕਿਉਂ? ਬੱਸ ਉਹ ਖੇਮਲ ਵੇਂਟ ਨੂੰ - ਨੇਕਾ ਵੇਟਿਆ ਫੇਰ ਐਥੇ ਹੀ ਵੀਰ ਹੁੰਦੈ ਪੁੱਤ - ਫੇਰ ਇਉਂ ਖਹਿ ਕੇ ਲੰਘ ਜਾਂਦੀ ਐ ਉਮਰ ਲੋਕਾਂ ਦੀ - ਤੇ ਪਤਾ ਈ ਨਹੀਂ ਲੱਗਦਾ - ਤੇ ਫੇਰ ਬੰਦਾ ਪੁਛਦੈ ਵੇਲਾ ਕੀਹ ਐ?"

ਮੁੰਡਾ ਚੁੱਪ- ਗੜੁੱਪ ਸੁਆਦ ਲੈਂਦਾ ਰਿਹਾ ਤੇ ਬਾਬੇ ਨੇ ਉਹਨੂੰ ਕਿਹਾ," ਕਾਕਾ ਆਹ ਕਿਤਾਬਾਂ ਦਾ ਖਹਿੜਾ ਛੱਡ ਦੇਹ - ਜਦੋਂ ਪਿੰਡ 'ਚ ਵੱਗ ਵੜਦੈ ਨਾਂ ਸ਼ਾਮ ਨੂੰ - ਉਸ ਵੱਗਾਂ ਵੇਲੇ ਤੂੰ ਕੰਨ ਖੋਲ੍ਹ ਕੇ ਸਾਰੀਆਂ ਅਵਾਜ਼ਾਂ ਸੁਣਿਆ ਕਰ - ਤੇ ਪਸ਼ੂਆਂ ਦੀ ਧੜਕਣ ਸੁਣ ਕੇ ਆਪਣੇ ਅੰਦਰ ਸਮੋ ਲਿਆ ਕਰ - ਤੈਨੂੰ ਪਤੈ ਜਦੋਂ ਦਾ ਆਹ ਲੱਧੜਾਂ ਦੇ ਟ੍ਰੈਕਟਰ ਆਇਆ ਨਾਂ - ਉਦੋਂ ਦੇ ਸ਼ਹਿਰੋਂ ਮੁੜਦੇ ਮੁੰਡੇ ਬਲਦਾਂ ਆਸਤੇ ਘੁੰਗਰੂ ਜਾਂ ਗਾਨੀਆਂ ਲਿਆਉਣੀਆਂ ਭੁੱਲ ਗੇ ... ਪੁੱਤ .... ਦੇਖੀਂ ਤੂੰ ਇਹ ਗੱਲ ਭੁੱਲਿਆ ਨਾਂ ਕਰ ਕਦੀ ਵੇਲੇ ਦਾ ਵੈਦਾ, ਵੇਲੇ ਵਿੱਚ ਟਸਿਆ ਪਿਆ .... ਪੁੱਤ ... ਜੇ ਐਂ ਸੋਚੇਂ ਤਾਂ ਜ਼ਿੰਦਗੀ ਖਹਿ ਕੇ ਨੀ ਲੰਘੂ .... ਤੇਰੇ ਵਿਚੋਂ ਦੀ ਲੰਘੂ ਪੁੱਤ ...."

ਤੇ ਬਾਬਾ ਆਹਾ ਗਾਉਣ ਬੋਲਦਾ ਗਿਆ। ਮੁੰਡਾ ਹੁਣ ਕਿਤਾਬ ਬੰਦ ਕਰ, ਮਸਜਦ ਦੇ ਮੀਨਾਰ ਤੇ ਲੱਗੇ ਲਾਊਡ ਸਪੀਕਰ ਵੱਲ ਵੇਖਣ ਲੱਗਾ।

0----0----0------0

# ਅਜੋਕਾ ਲੇਖਨ

ਮਹਾਸ਼ਵੇਤਾ ਦੇਵੀ

ਪਿਛਲੀ ਬਿਮਾਰੀ ਮਗਰੋਂ ਇਧਰ ਮੇਰੇ ਸਿਰ 'ਚ ਅਜੀਬ ਜਿਹਾ ਦਰਦ ਰਹਿੰਦਾ ਹੈ---ਦਿਮਾਗ 'ਚ ਅਜੇਹੀ ਚੋਭ ਰਹਿੰਦੀ ਹੈ ਕਿ ਮੈਂ ਪਰੇਸ਼ਾਨ ਹੋ ਜਾਂਦੀ ਹਾਂ। ਕਿਉਂਕਿ ਇਸ ਦਰਦ ਨੂੰ ਮੈਂ ਬਿਆਨ ਨਹੀਂ ਕਰ ਸਕਦੀ, ਇਸ ਲਈ ਅਕਸਰ ਚਿੰਤਾ ਤੇ ਡਰ 'ਚ ਰਹਿੰਦੀ ਹਾਂ। ਮੁਸ਼ਕਲ ਨਾਲ ਸਮਝ ਆਉਣ ਵਾਲੀ ਕਿਸੇ ਵੀ ਚੀਜ਼ ਬਾਰੇ ਮੈਂ ਬੇਹੱਦ ਚੌਕਸ ਹਾਂ ਅਤੇ ਇਸੇ ਹੀ ਤੀਬਰਤਾ ਨਾਲ ਮੈਨੂੰ ਹੋਰ ਵੀ ਚਿੰਤਾ ਖਾਈ ਜਾਂਦੀ ਹੈ। ਮੈਂ ਬੇ-ਆਸਰਾ ਮਹਿਸੂਸ ਕਰਦੀ ਹਾਂ ਤੇ ਕਿਸੇ ਭੁੱਲੇ ਗੀਤ ਦੀਆਂ ਲਾਈਨਾਂ ਵਾਂਗ ਕੁਝ ਸ਼ਬਦ ਬੇਚੈਨ ਕਰਦੇ ਰਹਿੰਦੇ ਹਨ। ਮੇਰੇ ਇਕ ਨੌਜਵਾਨ ਲੇਖਕ ਮਿਤਰ ਨੇ ਇਕ ਵੇਰ ਅੱਖਾਂ ਤੋਂ ਐਨਕ ਲਾਹ ਕੇ ਹੌਲੀ ਆਵਾਜ਼ ਵਿਚ ਗੰਭੀਰਤਾ ਨਾਲ ਕਿਹਾ ਸੀ---'ਮਹਾਸ਼ਵੇਤਾ ਦੀਦੀ, ਮਨੁੱਖ ਤੇ ਮੱਛੀ ਦੋਨਾਂ ਦੇ ਸੜਨ ਦੀ ਪ੍ਰਕ੍ਰਿਆ ਸਿਰ ਤੋਂ ਸ਼ੁਰੂ ਹੁੰਦੀ ਹੈ।' ਅਕਸਰ ਇਹ ਸ਼ਬਦ ਮੇਰੇ ਦਿਮਾਗ਼ ਵਿਚ ਗੂੰਜਣ ਲਗ ਪੈਂਦੇ ਹਨ ਤੇ ਮੈਂ ਕੰਬ ਜਾਂਦੀ ਹਾਂ।

ਅੱਜ ਮਨੁੱਖ ਨੂੰ ਆਪਣੇ ਸਮੇਂ ਦੇ ਕੁਝ ਪ੍ਰਸੰਗਿਕ, ਮਹੱਤਵ ਪੂਰਨ ਅਤੇ ਕੌੜੇ ਸੱਚ ਵਲੋਂ ਬੇਹੱਦ ਉਪਰਾਮ ਕਰਨ ਦਾ ਕੰਮ ਬੜੇ ਆਧੁਨਿਕ ਤੇ ਨਿਪੁੰਨ ਢੰਗ ਨਾਲ ਕੀਤਾ ਜਾਂਦਾ ਹੈ। ਕੁਝ ਚੰਗੀ ਨਾ ਲਗਣ ਵਾਲੀ ਸੱਚਾਈ ਦੀ ਪ੍ਰਤੱਖ ਪੇਸ਼ਕਾਰੀ ਨਾਲ ਮਾਨਸਿਕ ਵਿਘਨ ਪੈਦਾ ਹੁੰਦਾ ਹੈ। ਇਸ ਨਿਸ਼ਾਨੇ ਲਈ ਫ਼ਿਲਮ ਬੜਾ ਹੀ ਉਪਯੋਗੀ ਸਾਧਨ ਹੈ। ਇਸ ਦਾ ਇਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਬੜੀ ਈਮਾਨਦਾਰੀ ਨਾਲ ਬਣਾਈਆਂ ਗਈਆਂ ਫ਼ਿਲਮਾਂ ਵੀ ਅਕਸ਼ਰ ਉਲਟਾ ਅਸਰ ਪਾਉਂਦੀਆਂ ਹਨ। ਕੁਝ ਸਾਲ ਪਹਿਲਾਂ ਸਾਰੀਆਂ ਅਜੇਹੀਆਂ ਫਿਲਮਾਂ ਬਣਾਈਆਂ ਗਈਆਂ ਸਨ, ਜਿਹੜੀਆਂ ਨਾਜ਼ੀ ਜਰਮਨੀ ਦੇ ਜ਼ੁਲਮਾਂ ਨੂੰ ਪੇਸ਼ ਕਰਦੀਆਂ ਸਨ, ਯਹੂਦੀਆਂ ਦੀ ਵਿਆਪਕ ਵੱਢ ਟੁੱਕ ਨੂੰ ਦਰਸਾਉਂਦੀਆਂ ਸਨ, ਅਤੇ ਹਿਟਲਰ ਸਮਰਥਕ ਦੇਸ਼ਾਂ ਦੀ ਤੁਲਨਾ ਵਿਚ ਹਿਟਲਰ ਵਿਰੋਧੀ ਦੇਸ਼ਾਂ ਦੀ ਵਡਿੱਤਣ ਨੂੰ ਪ੍ਰਗਟਾਉਂਦੀਆਂ ਸਨ। ਸ਼ੁਰੂ ਵਿਚ ਦਰਸ਼ਕਾਂ ਦਾ ਪ੍ਰਤੀਕਰਮ ਕਾਫ਼ੀ ਚੰਗਾ ਸੀ। ਫੇਰ ਦਰਸ਼ਕਾਂ ਦੇ ਮਨ ਉਚਾਟ ਤੇ ਉਪਰਾਮ ਹੋ ਗਏ ਤੇ ਅੰਤ ਵਿਚ ਇਹਨਾਂ ਫਿਲਮਾਂ ਨੇ ਵਿਰੋਧੀ ਖੇਮੇ ਅਰਥਾਤ ਪਿਛਾਂਹਖਿੱਚੂਆਂ ਦਾ ਹਿਤ ਪੂਰਿਆ। ਜਿਨ੍ਹਾਂ ਦਿਨਾਂ ਵਿਚ ਦੁਨੀਆਂ ਭਰ ਦੇ ਫ਼ਿਲਮ ਦਰਸ਼ਕ ਨਾਜ਼ੀਆਂ ਦੀ ਨਿੰਦਿਆ ਕਰਨ ਬਾਰੇ ਬਹੁਤੇ ਉਤਸ਼ਾਹੀ ਨਜ਼ਰ ਨਹੀਂ ਆ ਰਹੇ ਸਨ, ਅਣ-ਪਛਾਤੇ ਨਾਜ਼ੀ ਯੁੱਧ ਦੇ ਅਪਰਾਧੀਆਂ ਨੂੰ ਇਥੇ ਉਥੇ ਚੁਪ ਚਪੀਤੇ ਰਾਜਤੰਤਰ ਵਿਚ ਸ਼ਾਮਿਲ ਕੀਤਾ ਜਾਣ ਲਗਾ। ਉਨ੍ਹਾਂ ਨੂੰ ਇਸ ਲਈ ਸ਼ਾਮਿਲ ਕੀਤਾ ਗਿਆ ਕਿਉਂਕਿ ਉਹ ਨਾਜ਼ੀ ਸਨ। ਉਨ੍ਹਾਂ 'ਚ ਜ਼ੁਲਮ, ਕਠੋਰਤਾ, ਬਦਮਾਸ਼ੀ ਤੇ ਸਮਰੱਥਾ ਦਾ ਅਜੀਬ ਮੇਲ ਸੀ, ਇਸੇ ਲਈ ਵੱਡੀਆਂ ਤਾਕਤਾਂ ਦੇ ਬੇਰਹਿਮ ਕੌਮੀ ਚਰਿਤਰ ਦੇ ਨਿਰਮਾਣ ਲਈ ਇਹਨਾਂ ਦੀ ਲੋੜ ਸੀ।

ਵੀਅਤਨਾਮ ਦੀ ਜੰਗ ਵਿਚ ਅਮਰੀਕਾ ਦੀ ਵਹਿਸ਼ੀ ਭੂਮਿਕਾ ਦੇ ਸੰਦਰਭ ਵਿਚ ਕੀ ਉਹੋ ਗੱਲ ਨਹੀਂ ਵੇਖਣ ਨੂੰ ਮਿਲਦੀ? ਹੋਰਨਾਂ ਦੇਸ਼ਾਂ ਦੀ ਗੱਲ ਛੱਡੋ, ਖੁਦ ਅਮਰੀਕਾ ਵਿਚ ਵੀਅਤਨਾਮ ਜੰਗ ਦੇ ਖ਼ਿਲਾਫ਼ ਲਹਿਰ ਚਲੀ। ਇਸ ਲਹਿਰ ਨੇ ਨਹੀਂ, ਸਗੋਂ ਬਾਅਦ ਵਿਚ ਹੋਰਨਾਂ ਕਾਰਨਾਂ ਨੇ ਇਸ ਜੰਗ ਨੂੰ ਰੋਕਿਆ। ਕੀ ਅਗੇ ਜਾ ਕੇ ਇਹ ਵਿਰੋਧ ਦਾ ਪ੍ਰਦਰਸ਼ਨ ਅਮਰੀਕਾ ਦੀ ਸੋਚ ਦੇ ਪ੍ਰਤੀ ਬੜਾ ਪ੍ਰਸੰਗਿਕ ਬਣਿਆ? ਅਮਰੀਕੀ ਫੌਜ ਦੇ ਅਫ਼ਸਰਾਂ ਨੂੰ ਵੀਅਤਨਾਮ ਜੰਗ ਵਿਚ ਜਿਹੜਾ ਸਨਮਾਨ ਮਿਲਿਆ ਸੀ ਉਸ ਵਿਚ ਵੀ ਕੋਈ ਕਮੀ ਨਹੀਂ ਆਈ।

ਹਿੰਦੋਸਤਾਨ ਦੇ ਸੰਦਰਭ ਵਿਚ ਕਿਹਾ ਜਾਵੇ ਤਾਂ ਮੇਰੇ ਰਾਜ (ਬੰਗਾਲ) ਨੂੰ ਇਸ ਦਹਾਕੇ ਵਿਚ ਜੋ ਅਨੁਭਵ ਹੋਇਆ ਉਹ ਬੜਾ ਮਹੱਤਵ ਪੂਰਨ ਸੀ। ਨਕਸਲਵਾਦੀ ਲਹਿਰ ਨੇ ਮੱਧ ਵਰਗ ਦੇ ਉਹਨਾਂ ਲੋਕਾਂ ਤੇ ਗਹਿਰਾ ਅਸਰ ਪਾਇਆ ਜਿਨ੍ਹਾਂ ਦੀ ਇਸ ਲਹਿਰ ਵਿਚ ਭਾਈਵਾਲੀ ਨਹੀਂ ਸੀ। ਪਹਿਲੀ ਵੇਰ ਸ਼ਹਿਰੀ ਮੱਧ ਵਰਗ ਨੇ ਇਸ ਦੇ ਬਾਰੇ ਪ੍ਰਤੀ ਕਰਮ ਪ੍ਰਗਟਾਇਆ। ਇਹ ਸ਼ਹਿਰੀ ਛਾਪਾਮਾਰ ਲੜਾਈ ਅਤੇ ਹਾਕਮ ਕੇਂਦਰ ਤੇ ਰਾਜ ਸਰਕਾਰ ਦੀ ਪੂਰੀ ਰਜ਼ਾ ਮੰਦੀ ਨਾਲ ਪੁਲਸ ਨੇ ਬੇਰਹਿਮੀ ਨਾਲ ਦਮਨ ਕੀਤਾ। ਮੱਧ ਵਰਗ ਦੇ ਨੌਜਵਾਨ ਇਸ ਲਹਿਰ ਵਿਚ ਸ਼ਾਮਿਲ ਸਨ ਇਸੇ ਲਈ ਇੰਜ ਹੋਇਆ। ਜੇ ਇਹ ਲਹਿਰ ਪੱਛਮੀ ਬੰਗਾਲ ਦੇ ਪਿੰਡਾਂ ਤੱਕ ਹੀ ਰਹਿੰਦੀ ਤਾਂ ਸ਼ਹਿਰ ਦੇ ਬਾਬੂ ਜਮਾਤ ਨੂੰ ਕੋਈ ਬੇਚੈਨੀ ਨਹੀਂ ਹੋਣੀ ਸੀ। ਪੇਂਡੂ ਸੰਘਰਸ਼ਾਂ ਨੇ ਉਨ੍ਹਾਂ ਤੇ ਕੋਈ ਅਸਰ ਨਹੀਂ ਪਾਇਆ। ਕਾਕਦਵੀਪ ਲਹਿਰ, ਅੰਨ ਲਹਿਰ, ਜ਼ਮੀਨ-ਦਖਲ ਲਹਿਰ---ਇਸ ਤਰ੍ਹਾਂ ਦੀਆਂ ਪੇਂਡੂ ਲਹਿਰਾਂ ਵੱਲ ਰਾਜਨੀਤਕ ਘੇਰੇ ਤੋਂ ਬਾਹਰ ਦੇ ਮਧ ਵਰਗ ਵਾਲਿਆਂ ਦੀ ਕੋਈ ਦਿਲਚਸਪੀ ਨਹੀਂ ਰਹੀ। ਅਜ ਵੀ ਇਹੋ ਹਾਲ ਹੈ। ਪਰ ਨਕਸਲਵਾਦੀ ਲਹਿਰ 'ਚ ਸਾਡੇ ਆਪਣੇ ਮੁੰਡਿਆਂ ਨੇ ਸੰਘਰਸ਼ ਕੀਤਾ ਅਤੇ ਮਾਰੇ ਗਏ ਹਨ। ਇਸ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨਾ ਸੰਭਵ ਨਹੀਂ ਸੀ। ਪਰ 1979 ਆਉਂਦਿਆਂ ਆਉਂਦਿਆਂ ਇਸ ਵਲੋਂ ਪੂਰੀ ਤਰ੍ਹਾਂ ਉਪਰਾਮਤਾ ਪੈਦਾ ਹੋ ਗਈ। ਕਿਉਂਕਿ ਉਪਰਾਮਤਾ ਜਾਣ ਬੁੱਝ ਕੇ ਪੈਦਾ ਕੀਤੀ ਗਈ ਸੀ ਇਸ ਲਈ ਮੇਰਾ ਚੌਂਕਨੇ ਹੋਣਾ ਸੁਭਾਵਿਕ ਹੈ।

ਬੰਗਾਲੀ ਮੱਧ ਵਰਗ ਲਈ ਨਕਸਲਵਾਦੀ ਲਹਿਰ ਦਾ ਅਰਥ ਪੜ੍ਹੇ ਲਿਖੇ ਨੌਜਵਾਨਾਂ, ਕੇਵਲ ਸ਼ਹਿਰੀ ਉਪਰਲੇ ਵਰਗ ਦਾ ਇਸ ਵਿਚ ਸ਼ਮੂਲੀ ਸੀ। ਪਰ ਨਕਸਲਵਾਦੀ ਲਹਿਰ ਕੋਈ ਅੱਡਰੀ ਘਟਨਾ ਨਹੀਂ ਹੈ। ਇਹ ਨਿਸ਼ਚੇ ਹੀ

ਇਤਿਹਾਸ ਦਾ ਹਿਸਾ ਹੈ ਅਤੇ ਇਸ ਦੇ ਪਿਛੇ ਇਕ ਪਰੰਪਰਾ ਹੈ। ਨਕਸਲਵਾਦੀ ਲਹਿਰ ਹੇਠਾਂ ਕਈ ਕਿਰਸਾਣ ਲਹਿਰਾਂ ਤੇ ਆਦਿਵਾਸੀਆਂ ਦੀਆਂ ਲਹਿਰਾਂ ਦਾ ਇਤਿਹਾਸ ਹੈ। ਆਜ਼ਾਦ ਭਾਰਤ 'ਚ ਕਾਨੂੰਨ ਤੇ ਜਨਤੰਤਰ ਦੀ ਪਵਿਤ੍ਰਤਾ ਦੇ ਨਾਂ 'ਤੇ ਚਲ ਰਹੇ ਅਣ-ਮਨੁੱਖੀ ਲੁੱਟ ਤੇ ਦਮਨ ਦਾ ਇਹ ਤਰਕ ਸੰਗਤ ਸਿੱਟਾ ਸੀ। ਜੇ ਸਾਡੇ ਮੱਧ ਵਰਗ ਦੀ,ਸਿਖਿਅਤ ਮੱਧ ਵਰਗ ਦੀ ਇਸ ਦੇਸ਼ 'ਚ ਅਤੇ ਇਥੋਂ ਦੀ ਜਨਤਾ ਵਿਚ ਦਿਲਚਸਪੀ ਹੁੰਦੀ ਤਾਂ ਉਹਨਾਂ ਨੂੰ ਇਹਨਾਂ ਸਚਾਈਆਂ ਦਾ ਪਤਾ ਜ਼ਰੂਰ ਚਲ ਜਾਂਦਾ ਤਾਂ ਫੇਰ ਉਹ ਇਸ ਨੂੰ ਵਿਆਪਕ ਪਰਿਪੇਖ ਵਿਚ ਵੇਖ ਸਕਦੇ। ਪਰ ਉਹ ਇੰਞ ਨਹੀਂ ਕਰ ਸਕੇ। ਜਿਨ੍ਹਾਂ ਅਖਬਾਰਾਂ ਨੂੰ ਉਹ ਪੜ੍ਹਦੇ ਸਨ, ਉਹਨਾਂ ਵਿਚ ਦੇਸ਼ ਅਤੇ ਜਨਤਾ ਬਾਰੇ ਕੁਝ ਨਹੀਂ ਹੁੰਦਾ ਸੀ। ਫੇਰ ਭਲਾ ਉਹ ਕਿਵੇਂ ਇਹ ਸਭ ਕੁਝ ਜਾਣ ਸਕਦੇ ? ਲਹਿਰ ਬਾਰੇ ਹਮਦਰਦੀ ਰੱਖਣ ਵਾਲੇ ਬੁੱਧੀਜੀਵੀਆਂ ਦਾ ਪ੍ਰਤੀਕਰਮ ਸੀ–'ਆਹ ! ਕਿੰਨੀ ਵਧੀਆ ਆਪਾ–ਬਲਦਾਨ ਦੀ ਭਾਵਨਾ ਹੈ। ਭਾਵੇਂ ਕੁਝ ਵੀ ਹੋਵੇ, ਇਹਨਾਂ ਨੌਜਵਾਨਾਂ ਨੇ ਇਹ ਤਾਂ ਵਿਖਾ ਦਿਤਾ ਕਿ ਕਿਵੇਂ ਨਿਡਰਤਾ ਨਾਲ ਮਰਿਆ ਜਾ ਸਕਦਾ ਹੈ।' ਕੁਝ ਐਨੇ ਬੇਚੈਨ ਸਨ ਕਿ ਉਹਨਾਂ ਤੋਂ ਇਹ ਸ਼ਬਦ ਵੀ ਮੂੰਹੋਂ ਨਹੀਂ ਨਿਕਲਦੇ ਸਨ। ਮੱਧ ਵਰਗ ਦੇ ਬੁੱਧੀਜੀਵੀਆਂ ਨੇ ਕਦੀਂ ਵੀ ਅਜੇਹਾ ਕੁਝ ਨਹੀਂ ਲਿਖਿਆ ਅਤੇ ਕਿਹਾ ਜਿਸ ਤੋਂ ਹਾਕਮਾਂ ਦੀ ਨਰਾਜਗੀ ਲੈ ਲਈ ਜਾਵੇ। ਬਧੁਤੇ ਉਤਸ਼ਾਹੀ ਲੋਕਾਂ ਦਾ ਪ੍ਰਤੀਕਰਮ ਸੀ–'ਆਹ ! ਇਹਨਾਂ ਲੋਕਾਂ ਨੇ ਤਾਂ ਇਨਕਲਾਬ ਨੂੰ ਸਾਡੇ ਬੂਹੇ ਤਕ ਹੀ ਲੈ ਆਂਦਾ ਸੀ।' ਪਰ ਇਹ ਲੋਕਾਂ ਆਪਣੇ ਆਪ ਨੂੰ ਹਮੇਸ਼ਾ ਸੁਰੱਖਿਅਤ ਥਾਂ 'ਤੇ ਰੱਖ ਕੇ ਅਜੇਹੇ ਪ੍ਰਤੀਕਰਮ ਪ੍ਰਗਟਾਉਂਦੇ ਹਨ। ਉਹਨਾਂ ਦਾ ਮਾਧਿਅਮ ਜੋ ਵੀ ਰਿਹਾ ਹੋਵੇ, ਉਹਨਾਂ ਲਈ ਇਨਕਲਾਬ ਇਕ ਵਿਕਣ ਵਾਲੀ ਚੀਜ਼ ਸੀ ਤੇ ਅਜ ਵੀ ਕਾਫੀ ਹੱਦ ਤਕ ਉਹੀ ਹਾਲਤ ਹੈ। ਇਹਨਾਂ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਹਕੂਮਤ ਦੇ ਹਿਤਾਂ ਦੀ ਰਾਖੀ ਕੀਤੀ। ਉਹਨਾਂ ਨੇ ਆਪਣੀਆਂ ਫਿਲਮਾਂ, ਨਾਟਕਾਂ, ਕਹਾਣੀਆਂ ਵਿਚ ਸਿਰਫ ਸ਼ਹਿਰੀ ਨਕਸਲਵਾਦੀਆਂ ਨੂੰ ਪੇਸ਼ ਕੀਤਾ। ਉਹਨਾ ਦੀ ਅਸਲੀਅਤ ਨੂੰ ਜਾਣਿਆਂ ਬਗੈਰ, ਇਹਨਾਂ ਨੇ ਉਹਨਾਂ ਨੂੰ ਬੇਮਿਸਾਲ ਹੌਸਲੇ ਵਾਲੇ ਰੋਮਾਨੀ ਰੂਪ 'ਚ ਚਿਤਰਿਆ ਹੈ। ਇਹ ਨਕਸਲਵਾਦੀ ਹਮੇਸ਼ਾ ਮਰਨ ਦੀ ਕਾਹਲ ਵਿਚ ਰਹਿੰਦੇ ਹਨ। ਦਰਅਸਲ ਇਹਨਾਂ ਤੇ ਮਰਨ ਦੀ ਸਨਕ ਸਵਾਰ ਰਹਿੰਦੀ ਹੈ। ਇਹਨਾ ਬੁਧੀਜੀਵੀਆਂ ਵਲੋਂ ਬਣਾਈਆਂ ਗਈਆਂ ਫਿਲਮਾਂ ਤੇ ਲਿਖੀਆਂ ਗਈਆਂ ਕਿਤਾਬਾਂ ਮੱਧ ਵਰਗ ਦੇ ਦਰਸ਼ਕਾਂ ਤੇ ਪਾਠਕਾਂ ਲਈ ਹੁੰਦੀਆਂ ਹਨ। ਇਸ ਦਾ ਸੁਭਾਵਕ ਪ੍ਰਤੀਕਰਮ ਇਹੀ ਹੁੰਦਾ ਹੈ ਕਿ ਜਿਹੜੇ ਜੀਉਂਦੇ ਰਹਿਣਾ ਨਹੀਂ ਜਾਣਦੇ ਤੇ ਹਿੰਸਾ ਦੀ ਰਾਜਨੀਤੀ ਵਿਚ ਵਿਸ਼ਵਾਸ ਰੱਖਦੇ ਹਨ, ਦੂਸਰਿਆਂ ਨੂੰ ਚੰਗੀ ਜ਼ਿੰਦਗੀ ਦੇਣ ਲਈ ਸੰਘਰਸ਼ ਕਰ ਸਕਦੇ ਹਨ?'

ਇਸ ਤਰ੍ਹਾਂ ਮੱਧ ਵਰਗ ਦੇ ਲਈ ਨਕਸਲਵਾਦੀ ਲਹਿਰ ਕਲਕੱਤਾ ਤੇ ਹੋਰਨਾਂ ਸ਼ਹਿਰਾਂ 'ਚ ਚੱਲ ਰਹੀ ਲਹਿਰ ਤਕ ਹੀ ਸੀਮਤ ਸੀ। ਉਹ ਖ਼ਤਰਨਾਕ ਲੜਾਈਆਂ ਲੜਦੇ ਸਨ, ਮਾਰਦੇ ਸਨ ਤੇ ਮਰ ਜਾਂਦੇ ਸਨ। ਜੇਲ੍ਹ-ਹਤਿਆਵਾਂ 'ਤੇ ਵੀ ਧਿਆਨ ਦਿਤਾ ਜਾਂਦਾ ਸੀ ਕਿਉਂਕਿ ਜੇਲ੍ਹ ਵੀ ਸ਼ਹਿਰ ਵਿਚ ਸਨ। ਕਿਉਂਕਿ ਲਹਿਰ ਦਾ ਸ਼ਹਿਰੀ ਅਧਿਆਏ ਖਤਮ ਹੋ ਗਿਆ ਸੀ, ਇਸ ਲਈ ਉਹ ਇਹ ਵੀ ਮੰਨਣ ਲਗ ਪਏ ਸਨ ਕਿ ਲਹਿਰ ਖ਼ਤਮ ਹੋ ਗਈ ਹੈ। ਉਹਨਾਂ ਲਈ ਪਿੰਡਾਂ ਦੀ ਕੋਈ ਹੋਂਦ ਨਹੀਂ ਹੈ। ਉਹਨਾ ਦਾ ਸਾਰਾ ਸਰੋਕਾਰ ਕਲਕੱਤਾ ਤੇ ਹੋਰਨਾਂ ਸ਼ਹਿਰਾਂ ਨਾਲ ਹੈ। ਸਚਾਈ ਤਾਂ ਇਹ ਹੈ ਕਿ ਤੇਭਾਗਾ ਤੇ ਤੇਲੰਗਾਨਾਂ ਦੇ ਵੀਰਤਾ ਪੂਰਨ ਕਿਰਸਾਣ ਸੰਘਰਸ਼ ਸਾਡੇ ਬਹੁਤ ਸਾਰੇ ਲੇਖਕਾਂ ਤੇ ਫਿਲਮ ਨਿਰਮਾਤਾਵਾਂ ਦੇ ਜੀਵਨ 'ਚ ਹੀ ਹੋਏ, ਪਰ ਉਹ ਇਹਨਾਂ ਤੋਂ ਪੂਰੀ ਤਰ੍ਹਾਂ ਵੱਖਰੇ ਰਹੇ।

ਇਸ ਖੂਨੀ ਦਹਾਕੇ ਦਾ ਮੂਲ ਕਾਰਨ ਛੋਟੇ ਕਿਰਸਾਣਾ, ਖੇਤ ਮਜ਼ਦੂਰਾਂ, ਬਟਾਈਦਾਰਾਂ, ਆਦਿਵਾਸੀਆਂ ਅਤੇ ਨੰਗੇ ਭੁੱਖੇ ਲੋਕਾਂ ਦੀ ਸ਼ਰਮਨਾਕ ਲੁੱਟ ਹੈ ਅਤੇ ਲੁੱਟ ਦੀ ਇਹ ਪ੍ਰਕਿਆ ਅਜ ਵੀ ਬਿਨਾਂ ਕਿਸੇ ਰੋਕ ਤੋਂ ਚਲ ਰਹੀ ਹੈ। ਇਸ ਖੂਨੀ ਦਹਾਕੇ ਦਾ ਮੁੱਖ ਕਾਰਨ ਭਾਰਤ ਦੇ ਨਵੇਂ ਜ਼ਮੀਂਦਾਰਾਂ, ਜੋਤਦਾਰਾਂ ਨੂੰ ਰਾਜ਼ ਕੇਂਦਰ ਵਲੋਂ ਮਿਲਣ ਵਾਲੀ ਹਿਫ਼ਾਜ਼ਤ ਹੈ। ਇਹਨਾਂ ਨੂੰ ਫੌਜੀ ਤੇ ਪੁਲਸ ਦੀ ਸੁਰਖਿਆ ਪ੍ਰਾਪਤ ਹੈ–ਇਹਨਾਂ ਕੋਲ ਲਾਈਸੈਂਸ ਵਾਲੀਆਂ ਤੇ ਬਿਨਾਂ ਲਾਈਸੈਂਸ ਵਾਲੀਆਂ ਬੰਦੂਕਾਂ ਹਨ। ਬੰਗਾਲੀ ਫਿਲਮਾਂ ਵਿਚ ਕਦੀ ਵੀ ਬੁਨਿਆਦੀ ਕਾਰਨਾਂ ਨੂੰ ਨਹੀਂ ਵਖਾਇਆ ਜਾਂਦਾ। ਅੱਵਲ ਤਾਂ ਪਰਦੇ 'ਤੇ ਬੜੇ ਥੋੜੇ ਸਮੇਂ ਲਈ ਕੋਈ ਨਕਸਲਵਾਦੀ ਪਾਤਰ ਆਉਂਦਾ ਹੈ। ਉਹ ਵੇਖਣ ਵਿਚ ਖੂਬਸੂਰਤ ਤੇ ਪੜ੍ਹਿਆ ਲਿਖਿਆ ਨੌਜਵਾਨ ਹੁੰਦਾ ਹੈ ਜਿਸ 'ਚ ਆਦਰਸ਼ ਹਿਲੋਰੇ ਲੈ ਰਿਹਾ ਹੁੰਦਾ ਹੈ ਤੇ ਜਿਹੜਾ ਹਮੇਸ਼ਾ ਅਸੰਭਵ ਸੁਪਨਿਆਂ ਵਿਚ ਡੁੱਬਾ ਰਹਿੰਦਾ ਹੈ। ਉਹ ਜਾਂ ਤਾਂ ਕਿਸੇ ਕੋਲ ਲੁਕਣ ਦੀ ਥਾਂ ਚਾਹ ਰਿਹਾ ਹੁੰਦਾ ਹੈ ਜਾਂ ਪੁਲਸ ਦੀ ਗੋਲ਼ੀ ਦਾ ਸ਼ਿਕਾਰ ਹੁੰਦਾ ਹੈ। ਜੰਗਲ ਵਿਚ ਪੁਲਸ ਨਾਲ ਟੱਕਰ 'ਚ ਉਸ ਨਾਲ ਇਕ ਵੀ ਆਦਿਵਾਸੀ ਜਾਂ ਸਥਾਨੀ, ਪੇਂਡੂ ਬੰਦਾ ਨਹੀਂ ਵਖਾਇਆ ਜਾਂਦਾ, ਜਦ ਕਿ ਜੰਗਲ ਦੇ ਇਲਾਕਿਆਂ ਵਿਚ ਨਕਸਲਵਾਦੀਆਂ ਨੂੰ ਅਕਸਰ ਉਥੋਂ ਦੇ ਵਸਨੀਕਾਂ ਦਾ ਸਮਰਥਨ ਮਿਲਿਆ। ਕਿਰਸਾਣਾਂ ਤੇ ਆਦਿਵਾਸੀਆਂ ਨੇ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਾਈ 'ਚ ਹਿੱਸਾ ਲਿਆ ਤੇ ਉਹਨਾਂ ਨਾਲ ਹੀ ਜਾਨਾ ਵਾਰੀਆਂ।

ਮੈਂ ਉਹਨਾਂ ਰਚਨਾਵਾਂ ਦਾ ਜ਼ਿਕਰ ਕਰ ਰਹੀ ਹਾਂ ਜਿਨ੍ਹਾਂ ਦੀ ਰਚਨਾ ਅਨੁਭਵ ਸੱਖਣੇ ਲੋਕਾਂ ਨੇ ਕੀਤੀ ਹੈ। ਅਜ ਬੰਗਾਲੀ ਸਾਹਿਤ ਦਾ ਲਗਭਗ ਹਰ ਸੁਚੇਤ ਪਾਠਕ ਪੇਸ਼ਾਵਰ ਲੇਖਕਾਂ ਵਲੋਂ ਪਿਛਲੇ ਤਿੰਨਾਂ ਸਾਲਾਂ ਵਿਚ (1970–72) ਨਿਭਾਈ ਗਈ ਸ਼ੱਕੀ ਭੂਮਿਕਾ ਤੋਂ ਪੂਰੀ ਤਰ੍ਹਾਂ ਵਾਕਿਫ ਹੈ, ਜਦ ਕਲਕੱਤਾ ਜਾਂ ਪੱਛਮੀ ਬੰਗਾਲ ਰੋਜ ਕਸਾਈ-ਖਾਨਾ ਬਣਿਆ ਹੋਇਆਂ ਸੀ। ਇਹ ਹਾਲਤ ਸਾਰਿਆਂ ਲੇਖਕਾਂ ਦੀ ਨਹੀਂ, ਪਰ ਲਗਭਗ ਸਾਰੇ ਲੇਖਕਾਂ ਦੀ ਸੀ। ਮੈਂ ਬਾਰ ਬਾਰ ਕਿਹਾ ਕਿ ਜਾਣ-ਬੁੱਝ ਕੇ ਆਪਣੇ ਆਪ ਨੂੰ ਸੰਬੰਧਿਤ ਨਾ ਰੱਖਣਾ ਇਕ ਲੇਖਕ ਲਈ ਸਭ ਤੋਂ ਵੱਡਾ ਅਪਰਾਧ ਹੈ। ਲੇਖਕਾਂ ਨੇ ਉਸ ਵੇਲੇ ਜਬਾਨ ਬੰਦ ਰੱਖੀ ਜਦ ਫੌਜ, ਸੀ. ਆਰ. ਪੀ. ਤੇ ਸਰਕਾਰੀ, ਸਰਪਰਸਤੀ ਪ੍ਰਾਪਤ ਗੁੰਡਿਆਂ ਨੇ ਕਨੂੰਨ ਤੇ

ਵਿਵਸਥਾ ਬਣਾਏ ਰੱਖਣ ਲਈ ਪਛਮੀ ਬੰਗਾਲ ਨੂੰ ਕਸਾਈ-ਖਾਨਾ ਬਣਾ ਦਿਤਾ ਸੀ। ਬਿਹਾਰ ਤੇ ਆਂਧਰਾ ਦੇ ਖੇਤਾਂ ਤੇ ਜੰਗਲਾਂ 'ਚ ਸੰਘਰਸ਼ ਜਾਰੀ ਰਿਹਾ, ਪਰ ਉਹ ਦੂਸਰੇ ਗਾਜ ਸਨ। ਸਾਹਿਤ ਵਿਚ ਨਕਸਲਵਾਦੀ ਲਹਿਰ ਨੂੰ ਥਾਂ ਉਦੋਂ ਮਿਲਣਾ ਸ਼ੁਰੂ ਹੋਇਆ ਜਦੋਂ ਇਸਤਰਾਂ ਕਰਨ ਵਿਚ ਕੋਈ ਖਤਰਾ ਨਹੀਂ ਸੀ। ਕਈ ਲੇਖਕਾਂ ਨੇ ਆਪਣੇ ਪ੍ਰਤੀਕਰਮ ਪ੍ਰਗਟਾਏ। ਲੀਡਰਾਂ ਤੇ ਕਾਰਕੁਨਾਂ ਦੇ ਕਤਲ ਹੋ ਗਏ ਸਨ ਜਾਂ ਉਹ ਲਹਿਰ ਤੋਂ ਅੱਡ ਹੋ ਚੁਕੇ ਸਨ, ਜਾਂ ਜੇਲ੍ਹਾਂ ਵਿਚ ਸਨ। ਹੁਣ ਲੇਖਕਾਂ ਲਈ ਕੁਝ ਵੀ ਲਿਖਣਾ ਅਸਾਨ ਸੀ ਤੇ ਉਹਨਾਂ ਨੇ ਲਿਖਿਆ ਵੀ। ਬੰਗਾਲੀ ਸਾਹਿਤ ਵਿਚ ਵਧੇਰੇ ਕਰਕੇ ਨਕਸਲਵਾਦੀਆ ਨੂੰ ਐਨਾ ਕੱਟਰ ਆਦਰਸ਼ਵਾਦੀ ਦਿਖਾਇਆ ਗਿਆ ਹੈ ਜਿਹੜਾ ਗਲਤ ਰਾਜਨੀਤੀ ਨਾਲ ਚਲਦਾ ਹੈ। ਉਹ ਬਗੈਰ ਕਿਸੇ ਤਰਕ ਜਾਂ ਕਾਰਨ ਦੇ ਕਤਲ ਕਰਦੇ ਹਨ ਤੇ ਖੁਦ ਵੀ ਮਾਰੇ ਜਾਂਦੇ ਹਨ। ਕੁਝ ਮਸ਼ਹੂਰ ਲੇਖਕਾਂ ਨੇ ਉਹਨਾਂ ਨੂੰ ਜਾਣ-ਬੁੱਝ ਕੇ ਬਦਨਾਮ ਕੀਤਾ। ਇਸ ਸਮੇਂ ਦੌਰਾਨ ਕੁਝ ਵਧੇਰੇ ਘੱਟ ਮਸ਼ਹੂਰ ਲੇਖਕਾਂ ਨੇ ਪੂਰੀ ਸ਼ਰਧਾ ਨਾਲ ਕਹਾਣੀਆਂ, ਨਾਟਕ ਤੇ ਕਵਿਤਾਵਾਂ ਲਿਖੀਆਂ। ਇਹਨਾਂ ਵਿਚੋਂ ਸਾਰੀਆਂ ਰਚਨਾਵਾਂ ਵਧੀਆ ਨਹੀਂ ਕਹੀਆਂ ਜਾ ਸਕਦੀਆਂ, ਪਰ ਇਹਨਾਂ ਨੌਜਵਾਨ ਲੇਖਕਾਂ ਨੇ ਆਪਣੇ ਵਡੇਰਿਆਂ ਦੇ ਪਾਪ ਦਾ ਪਛਤਾਵਾ ਤਾਂ ਕੀਤਾ ਹੀ।

1972 ਦੇ ਬਾਅਦ ਕੁਝ ਵਿਰੋਧੀ ਖੇਮੇ ਨੇ ਅਚਾਨਕ ਸ਼ਹਿਰੀ ਨਕਸਲਵਾਦੀਆਂ ਦੇ ਪੱਖ ਵਿਚ ਖੂਬਸੂਰਤ ਰਸਾਲੇ ਕਢਣੇ ਸ਼ੁਰੂ ਕੀਤੇ। ਇਸ ਜਿਉਂਦੇ ਵਿਸ਼ੇ 'ਚ ਚਾਣਚਕ ਪੈਦਾ ਹੋਈ ਦਿਲਚਸਪੀ ਨੇ ਖੁਦ ਲਹਿਰ ਬਾਰੇ ਸ਼ੰਕਾ ਦਾ ਮਾਹੌਲ ਤਿਆਰ ਕਰ ਦਿਤਾ। ਕਿਉਂਕਿ ਸਰਗਰਮ ਕਾਰਕੁਨਾਂ ਦੀ ਅਵਾਜ਼ ਨੂੰ ਦਬਾ ਦਿਤਾ ਗਿਆ ਸੀ, ਇਸ ਲਈ ਭੈੜੇ ਪ੍ਰਬੰਧ ਦੇ ਸਪਸ਼ਟੀਕਰਣ ਲਈ ਕੋਈ ਸਾਹਮਣੇ ਨਹੀਂ ਆਇਆ। ਇਸ ਦੋਸਤਾਨਾ ਮਾਹੌਲ ਨੇ ਕੁਝ ਚਿਰ ਲਈ ਕਲਕੱਤੇ ਨੂੰ ਤਾਜ਼ਗੀ ਦਿਤੀ ਸੀ। ਹੁਣ ਇਕ ਨਵੀਂ ਖੇਡ ਦੀ ਸ਼ੁਰੂਆਤ ਹੋਈ। ਖੂਨੀ ਦਹਾਕੇ ਦਾ ਪੂਰੀ ਤਰ੍ਹਾਂ ਸਫਾਇਆ ਕੀਤਾ ਜਾਣਾ ਸੀ। ਕਲਕੱਤਾ ਫੇਰ ਉਸੇ ਸੜ੍ਹਾਂਧ 'ਚ ਪਰਤ ਆਇਆ ਸੀ। ਕੁਝ ਵਰ੍ਹਿਆਂ 'ਚ ਹੀ ਤਮਾਮ ਅਜੀਬੋ ਗਰੀਬ ਤੇ ਸ਼ੱਕੀ ਚਰਿਤ੍ਰ ਵਾਲੇ ਲੋਕਾਂ ਨੇ ਇਕ ਤੋਂ ਇਕ ਪੇਤਲੇ ਮਸਲਿਆਂ ਲਈ ਗ੍ਰਿਫਤਾਰੀਆਂ ਦਿਤੀਆਂ। ਅਜ ਇਹ ਲਿਖਿਆ ਜਾ ਸਕਦਾ ਹੈ ਕਿ ਉਹਨਾਂ ਦੀਆਂ ਕਲਾਬਾਜ਼ੀਆਂ ਤੇ ਧਿਆਨ ਦਿਤਾ ਗਿਆ ਤੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਲਹਿਰ ਦੇ ਚਰਿਤ੍ਰ ਦੇ ਕਤਲ ਦਾ ਕੰਮ ਸ਼ੁਰੂ ਹੋਗਿਆ ਸੀ ਤੇ ਇਸ ਤਰ੍ਹਾਂ ਕਰਨ ਪਿਛੇ ਮਣਸ਼ਾ ਇਹ ਸੀ ਕਿ ਗ੍ਰਿਫਤਾਰ ਨਕਸਲਵਾਦੀ ਕਿਸੇ ਨਾ ਕਿਸੇ ਦਿਨ ਜੇਲ੍ਹ ਤੋਂ ਛੁੱਟ ਕੇ ਬਾਹਰ ਆਉਣਗੇ। ਅਜੇਹੀ ਹਾਲਤ ਵਿਚ ਉਹਨਾਂ ਨੂੰ ਜਨਤਾ ਦਾ ਸਨਮਾਨ ਨਾ ਮਿਲ ਸਕੇ। ਇਕ ਘਟੀਆ ਰਸਾਲੇ ਦੇ ਵਿਸ਼ੇਸ਼-ਅੰਕ ਦੀ ਬਰਬਸ ਯਾਦ ਆ ਜਾਂਦੀ ਹੈ।

ਲੋਕਾਂ ਦੇ ਪ੍ਰਤੀਕਰਮ ਵੀ ਆਉਣ ਲੱਗ ਪਏ : (1) ਕਿਉਂ ਇਹ ਬਜ਼ੁਰਗ ਲੋਕ, ਜੋ ਖੱਬੂਆਂ ਦੇ ਵਿਰੋਧੀ ਹਨ, ਰਸਾਲੇ ਕੱਢ ਰਹੇ ਹਨ ? ਜਾਂ ਜੇਲ੍ਹ ਜਾ ਰਹੇ ਨੇ ? (2) ਸਾਨੂੰ ਪਤਾ ਏ ਕਿ ਇਹ ਕਿਸ ਖੇਮੇ ਦੇ ਹਨ ? ਦੋ ਤੇ ਦੋ ਚਾਰ ਹੁੰਦੇ ਨੇ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਨਕਸਲਵਾਦੀ ਲਹਿਰ ਨੂੰ ਆਰਥਿਕ ਮਦਦ ਮਿਲਦੀ ਹੈ। ਇਸ ਦੇ ਪਿਛੇ ਇਕ ਵਡੀ-ਤਾਕਤ ਦਾ ਹੱਥ ਹੈ। (3) ਲਹਿਰ ਦੇ ਕਾਰਕੁਨ ਨਿਸਚੇ ਹੀ ਈਮਾਨਦਾਰ ਤੇ ਸਰਧਾਵਾਨ ਸਨ। ਪਰ ਹਰ ਨੌਜਵਾਨ ਇੰਜ ਹੀ ਹੁੰਦਾ ਹੈ। ਫਿਰ ਵੀ ਇਹ ਇਕ ਬੇਮਿਸਾਲ ਹੌਸਲੇ ਵਾਲੀ ਰੁਮਾਨੀ ਲਹਿਰ ਸੀ।

ਕਿਹੜਾ ਕਹਿ ਸਕਦਾ ਹੈ ਕਿ ਚਾਲਬਾਜਾਂ ਨੂੰ ਸਫਲਤਾ ਨਹੀਂ ਮਿਲੀ। ਜਨਤਾ ਦੀ ਦਿਲਚਸਪੀ ਖਤਮ ਹੋਣ ਲਗੀ। ਉਪਰਾਮਤਾ ਵਧਣ ਲਗੀ। ਫੇਰ ਐਮਰਜੈਂਸੀ। ਅਖਬਾਰਾਂ ਦਾ ਗਲ ਘੁਟ ਦਿਤਾ ਗਿਆ। ਜੇਲ੍ਹ, ਕਤਲਾਂ, ਫਾਂਸੀ ਤੇ ਸਤਾਏ ਜਾਣ ਦਾ ਸਿਲਸਿਲਾ ਚਲ ਪਿਆ। ਬਿਹਾਰ, ਆਂਧਰਾ ਤੇ ਪੱਛਮੀ ਬੰਗਾਲ 'ਚ ਵਧੇਰੇ ਦਮਨ ਹੋਇਆ। ਪੱਛਮੀ ਬੰਗਾਲ 'ਚ ਜਦੋਂ ਕੈਦੀਆਂ ਨੂੰ ਰਿਹਾ ਕੀਤਾ ਗਿਆ ਤਾਂ ਇਹ ਅਫਵਾਹ ਵੀ ਫੈਲੀ ਕਿ ਜੇਲ੍ਹ ਦੇ ਅੰਦਰ ਨੇਤਾਵਾਂ ਨੂੰ ਖਰੀਦ ਲਿਆ ਗਿਆ ਹੈ। ਇਸ ਤੇ ਵੀ ਯਕੀਨ ਕਰਨਾ ਅਸਾਨ ਸੀ ਕਿਉਂਕਿ ਦੇਸ਼ ਦੀ ਰਾਜਨੀਤੀ ਵਿਚ ਸਾਰਿਆ ਖੇਮਿਆਂ ਦੇ ਪੇਸ਼ਾਵਰ ਰਾਜਨੀਤਕ ਨੇਤਾਵਾਂ ਨੇ ਵਖੋ ਵਖਰੀਆਂ ਕੀਮਤਾਂ ਤੇ ਆਪਣੇ ਆਪ ਨੂੰ ਖਰੀਦੇ ਜਾਣ ਲਈ ਛਡਿਆ ਹੋਇਆ ਸੀ। ਉਹ ਹੁਣ ਨੈਤਿਕਤਾ ਵਾਦੀ ਬਣ ਗਏ ਸਨ ਤੇ ਨਕਸਲਵਾਦੀ ਨੇਤਾਵਾਂ ਦੀ ਨਿੰਦਿਆਂ ਕਰਨ ਲੱਗ ਪਏ ਸਨ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਵੇਚ ਦਿਤਾ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿਰਫ਼ ਸ਼ਹਿਰੀ ਨਕਸਲਵਾਦੀਆਂ ਜਾਂ ਨੇਤਾਵਾਂ ਨੂੰ ਹੀ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ। ਬੰਗਾਲੀ ਸਾਹਿਤ ਵਿਚ ਨਕਸਲਵਾਦ ਦੇ ਵਿਸ਼ੇ ਉਤੇ ਲਿਖੀਆਂ ਗਈਆਂ ਰਚਨਾਵਾਂ ਦੇ ਹਾਲ ਵਿਚ ਹੋਏ ਸਰਵੇ ਤੋਂ ਪਤਾ ਚਲਦਾ ਹੈ ਕਿ ਗੰਦੇ ਪ੍ਰਚਾਰਾਂ ਦਾ ਸਿਲਸਿਲਾ ਕਿਸੇ ਹੱਦ ਤਕ ਕਾਇਮ ਸੀ, ਇਕ ਜੀਵਾਣੂ ਯੁਧ ਵਾਂਗ। ਨਕਸਲਵਾਦੀ ਲਹਿਰ ਦੇ ਖੋਖਲੇਪਨ ਨੂੰ ਉਜਾਗਰ ਕਰਨ ਦੀ ਖੇਡ ਜਾਰੀ ਹੈ। ਇਸ ਦੇ ਖਤਮ ਹੋਣ ਦੇ ਅਸਾਰ ਨਜ਼ਰ ਨਹੀਂ ਆਉਂਦੇ। ਸੱਚ ਹੀ ਇਹ ਇਕ ਸੰਕਟ ਦੀ ਘੜੀ ਹੈ।

ਪਰ ਹੁਣ ਮੈਂ ਕੁਝ ਕੌੜੀ ਸਚਾਈ ਵਧ ਧਿਆਨ ਦਵਾਉਂਦੀ ਹਾਂ। ਇਹ ਸਹੀ ਹੈ ਕਿ ਪਹਿਲੇ ਦੌਰ ਦੇ ਨੇਤਾ ਤੇ ਸਰਗਰਮ ਕਾਰਕੁਨ ਜੇਲ੍ਹ ਦੀਆਂ ਸੀਖਾਂ ਪਿਛੇ ਤਾੜੇ ਹੋਏ ਸਨ। ਪਰ ਕੀ ਸੰਘਰਸ਼ ਖਤਮ ਹੋ ਗਿਆ ਸੀ ? ਉਹ ਅਜ ਵੀ ਜਾਰੀ ਹੈ--ਇਸ ਵੇਲੇ ਵੀ। ਗੁਆਂਢੀ ਰਾਜ ਬਿਹਾਰ ਵਿਚ ਖ਼ਾਨ-ਮਜ਼ਦੂਰਾਂ ਤੇ ਖੇਤ ਮਜ਼ਦੂਰਾਂ ਦਾ ਸੰਘਰਸ਼, ਪਲਾਮੂ ਤੇ ਸਿੰਘਭੂਮ 'ਚ ਆਦਿਵਾਸੀਆਂ ਦੀ ਸਗਵਾਨ ਲਹਿਰ--ਇਨ੍ਹਾਂ ਸਾਰਿਆਂ 'ਚ ਤੇਜ਼ੀ ਆ ਰਹੀ ਹੈ ਤੇ ਇਹ ਵਖੋ-ਵਖਰੇ ਵਿਸਤਾਰ ਹਾਸਿਲ ਕਰ ਰਹੇ ਹਨ। ਝਾਰਖੰਡ ਲਹਿਰ ਦੇ ਫੌਰਨ ਬਾਅਦ ਦੇ ਦੌਰ ਵਿਚ ਬਿਹਾਰ ਦੇ ਵਖੋ-ਵਖਰੇ ਰਾਜਨੀਤਕ ਧੜਿਆਂ ਨੂੰ ਆਪਣੇ ਕਾਰਕੁਨਾਂ ਦੇ ਦਬਾਅ ਨਾਲ ਸਾਂਝੇ ਕਾਰਜ ਕਰਮ ਲਈ ਇਕ-ਮੁੱਠ ਹੋਣਾ ਪਿਆ। ਲਹਿਰ ਦੇ ਜਿਹੜੇ ਕਾਰਨ ਸਨ ਉਹ ਮੌਜੂਦ ਸਨ ਨਾ ਕਿ ਜਗੀਰੀ। ਦਮਨ ਸ਼ੁਰੂ ਹੋਣ ਵੇਲੇ ਸਥਿਰੀ ਲੀਡਰਸ਼ਿਪ ਦਾ ਕਿਤੇ ਪਤਾ ਨਹੀਂ ਸੀ, ਸੰਘਰਸ਼ ਜਾਰੀ ਰਖਣ ਲਈ ਲੋਕ ਸਾਹਮਣੇ ਆਏ। ਉਨ੍ਹਾਂ ਵਿਚੋਂ ਹੀ ਲੀਡਰਸ਼ਿਪ ਉਭਰੀ। ਉਹਨਾਂ ਲਈ

ਇਹ ਜ਼ਿੰਦਗੀ ਮੌਤ ਦਾ ਸੰਘਰਸ਼ ਸੀ– ਆਪਣੀ ਹੋਂਦ ਦਾ ਸਵਾਲ ਸੀ । ਲਹਿਰ ਨੂੰ ਉਸਦੀ ਸਮੱਗਰਤਾ ਵਿਚ ਸ਼ਹਿਰੀ ਦ੍ਰਿਸ਼ਟੀਕੋਣ ਤੋਂ ਵੇਖਣਾ ਬੇਹੱਦ ਗਲਤ ਹੈ । ਇਹ ਖੇਤਾਂ ਤੇ ਜੰਗਲਾਂ 'ਚ ਕੇਂਦਰਿਤ ਸੀ ਤੇ ਹੈ । ਇਥੋਂ ਤਕ ਕਿ ਉਦਯੋਗਿਕ ਖੇਤਰਾਂ ਵਿਚ ਵੀ ਉਦਯੋਗਿਕ ਮਜ਼ਦੂਰ ਪਿੰਡਾਂ ਤੋਂ ਆ ਕੇ ਕਾਨ ਜਾਂ ਹੋਰਨਾਂ ਉਦਯੋਗਾਂ 'ਚ ਇਸ ਲਈ ਕੰਮ ਕਰਦੇ ਸਨ ਕਿਉਂਕਿ ਪਿੰਡ 'ਚ ਉਹਨਾਂ ਨੂੰ ਰੋਟੀ ਕਮਾਉਣ ਤੋਂ ਵਾਂਝੇ ਕਰ ਦਿਤਾ ਗਿਆ ਸੀ ।

ਨਾ ਤੇ ਸਰਕਾਰ ਤੇ ਨਾ ਵਿਰੋਧੀ ਖੇਮਾ ਇਹ ਚਾਹੁੰਦਾ ਹੈ ਕਿ ਇਹਨਾਂ ਸਚਾਈਆਂ ਨੂੰ ਉਜਾਗਰ ਕੀਤਾ ਜਾਵੇ । ਫਿਲਮਾਂ, ਨਾਟਕਾਂ ਤੇ ਸਾਹਿਤ ਲਈ ਵੀ ਇਹਨਾਂ ਵਿਸ਼ਿਆਂ ਨੂੰ ਨਹੀਂ ਚੁਣਿਆਂ ਜਾਂਦਾ ।

ਹੁਣ ਮੈਂ ਉਹਨਾਂ ਲੇਖਕਾਂ ਨੂੰ ਕੁਝ ਸ਼ਬਦ ਕਹਿਣਾ ਚਾਹਵਾਂਗੀ ਜਿਹੜੇ ਲਹਿਰ ਨਾਲ ਜੁੜੇ ਸਨ ਤੇ ਜਿਹੜੇ ਲਹਿਰ ਬਾਰੇ ਲਿਖਣਾ ਚਾਹੁੰਦੇ ਹਨ । ਮੈਂ ਇਹ ਦਾਅਵਾ ਨਹੀਂ ਕਰਦੀ ਕਿ ਅਜੇਹੇ ਲੇਖਕਾਂ ਦੀਆਂ ਸਾਰੀਆਂ ਰਚਨਾਵਾਂ ਮੈਂ ਪੜ੍ਹੀਆਂ ਹਨ । ਪਰ ਮੈਂ ਕਾਫੀ ਕਹਾਣੀਆਂ ਤੇ ਕੁਝ ਨਾਵਲਿੱਟ ਪੜ੍ਹੇ ਹਨ । ਮੇਰਾ ਖਿਆਲ ਹੈ ਕਿ ਲਹਿਰ ਦੇ ਅਧਾਰ ਨੂੰ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਹੋਰਨਾਂ ਦੇ ਮੁਕਾਬਲੇ 'ਚ ਇਹਨਾਂ ਲੇਖਕਾਂ ਤੇ ਜ਼ਿਆਦਾ ਹੈ । ਹੁਣ ਤਕ ਪ੍ਰਕਾਸ਼ਤ ਕਹਾਣੀਆਂ ਤੇ ਨਾਵਲਿੱਟ 'ਚ ਇਕ ਨਮੂਨਾ ਅਕਸਰ ਵੇਖਣ ਨੂੰ ਮਿਲਦਾ ਹੈ । ਇਕ ਜਾਂ ਵਧ ਨਕਸਲਵਾਦੀ ਨੌਜਵਾਨ ਪਿੰਡਾਂ 'ਚ ਜਾਂਦੇ ਹਨ, ਉਥੋਂ ਪੇਂਡੂਆਂ ਨਾਲ ਰਲਕੇ ਜੋਤਦਾਰ ਜਾਂ ਸੂਦਖੋਰ ਦੇ ਖਿਲਾਫ ਹਥਿਆਰਬੰਦ ਘੋਲ 'ਚ ਪੈ ਜਾਂਦੇ ਹਨ, ਪੁਲਸ ਦੇ ਆਉਣ 'ਤੇ ਉਹਨਾਂ ਦਾ ਮੁਕਾਬਲਾ ਹੁੰਦਾ ਹੈ; ਗ੍ਰਿਫਤਾਰ ਹੁੰਦੇ ਨੇ, ਜਾਂ ਬਚ ਜਾਂਦੇ ਹਨ ਤੇ ਸੰਘਰਸ਼ ਨੂੰ ਅਗਾਂਹ ਤੋਰਦੇ ਹਨ । ਲਗਭਗ ਸਾਰੇ ਪੜ੍ਹੇ ਲਿਖੇ ਨਕਸਲਵਾਦੀ ਨੌਜਵਾਨ ਚੀਨੀ ਕ੍ਰਾਂਤੀਕਾਰੀ ਕਵਿਤਾਵਾਂ ਦੇ ਗੀਤ ਉਲੇਖ ਕਰਦੇ ਹਨ ਤੇ ਬੇਸ਼ਕ ਮਾਓ ਜ਼ੇ ਤੁੰਗ ਦਾ ਉਲੇਖ ਤਾਂ ਕਰਦੇ ਹੀ ਹਨ । ਇਹ ਲੇਖਕ ਈਮਾਨਦਾਰ, ਸ਼ਰਧਾਵਾਨ ਤੇ ਸਮਰਪਤ ਹਨ ਅਤੇ ਕਿਸਾਨੀ–ਇਨਕਲਾਬ ਵਿਚ ਯਕੀਨ ਰੱਖਦੇ ਹਨ ।

ਪਰ ਪਾਠਕਾਂ ਦੇ ਲਿਹਾਜ਼ ਤੋਂ ਉਹਨਾਂ ਵਿਚ ਵੱਡੀ ਘਾਟ ਹੈ । ਉਹ ਆਪਣੇ ਪਾਠਕਾਂ ਨੂੰ ਆਪਣੀ ਗੱਲ ਮਨਵਾ ਨਹੀਂ ਸਕਦੇ । ਮੈਨੂੰ ਹਮੇਸ਼ਾ ਹੈਰਾਨੀ ਹੁੰਦੀ ਹੈ ਕਿ ਕਿਸ ਤਰ੍ਹਾਂ ਇਹਨਾਂ ਸ਼ਹਿਰੀ ਨੌਜਵਾਨਾਂ ਨੂੰ ਜਾਂ ਪੇਂਡੂਆਂ ਨੂੰ ਐਨਾ ਵਿਸ਼ਵਾਸ਼ ਹੋਇਆ ? ਹਾਲਾਂ ਕਿ ਇਹ ਠੀਕ ਹੈ ਕਿ ਪੇਂਡੂਆਂ ਨੇ ਉਹਨਾਂ 'ਤੇ ਵਿਸ਼ਵਾਸ਼ ਕੀਤਾ । ਪਰ ਕਿਵੇਂ ? ਕੀ ਐਨਾ ਕਹਿ ਦੇਣਾ ਹੀ ਬਥੇਰਾ ਹੋਵੇਗਾ ਕਿ ਕਿਸਾਨਾਂ ਦੀ ਲੁੱਟ ਹੁੰਦੀ ਹੈ । ਲੁੱਟ ਦੀ ਪ੍ਰਕ੍ਰਿਆ ਕੀ ਹੈ ? ਪੇਂਡੂ ਲਹਿਰ ਦੇ ਬਾਰੇ 'ਚ ਪਾਠਕਾਂ ਨੂੰ ਕਾਇਲ ਕਰ ਦੇਣ ਵਾਲੀ ਪਿੱਠ ਭੂੰ ਦੀ ਘਾਟ ਕਰਕੇ ਇਹਨਾਂ ਰਚਨਾਵਾਂ ਦਾ ਪ੍ਰਮਾਣਿਕ ਮਹਤੱਵ ਨਹੀਂ ਰਹਿ ਜਾਂਦਾ । ਨਕਸਲਵਾਦੀ ਲੇਖਕ ਵੀ ਜੇ ਆਪਣੀ ਲਿਖਤ 'ਚ ਕ੍ਰਾਂਤੀਕਾਰੀ ਜੋਸ਼ ਤੇ ਉਤਸ਼ਾਹ ਨੂੰ ਤਾਂ ਉਜਾਗਰ ਕਰਨ ਅਤੇ ਲੁੱਟ ਤੇ ਦਮਨ ਦੀ ਪ੍ਰਕ੍ਰਿਆ ਤੇ ਉਸਦੇ ਅਸਲੀ ਖਾਸੇ ਨੂੰ ਨੰਗਾ ਨਾ ਕਰਨ ਤਾਂ ਵਿਰੋਧੀ ਖੇਮੇ ਵਾਲੇ ਇਸ ਸਾਹਿਤ ਦੇ ਅਧਾਰ 'ਤੇ ਅਸਾਨੀ ਨਾਲ ਇਹ ਕਹਿ ਸਕਦੇ ਹਨ ਕਿ ਇਸ ਲਹਿਰ ਦੀ ਅਗਵਾਈ ਬੇਮਿਸਾਲ ਹੌਸਲਾਵਾਲਿਆਂ ਤੇ ਰੁਮਾਨੀ ਅਣਸਰ ਦੇ ਹੱਥ ਵਿਚ ਸੀ ।

ਮੁਕਤੀ ਦੇ ਦਹਾਕੇ ਦੇ ਦੌਰਾਨ ਬਿਹਾਰ ਦੇ ਕਿਰਸਾਣਾ ਤੇ ਆਦਿਵਾਸੀਆਂ ਨੇ ਹਥਿਆਰਬੰਦ ਘੋਲ ਨੂੰ ਜੀਊਂਦੇ ਰਖਿਆ । ਉਹਨਾਂ ਨੂੰ ਉਹ ਭੂਮਿਕਾ ਕਿਉਂ ਨਹੀਂ ਮਿਲੀ ਜਿਸਦੇ ਉਹ ਹੱਕਦਾਰ ਸਨ–ਸਾਡੀਆਂ ਲਿਖਤਾਂ ਵਿਚ ਕਿਉਂ ਨਹੀਂ ਮੁਖ ਭੂਮਕਾਵਾਂ ਮਿਲੀਆਂ ? ਚੀਨ ਦੀਆਂ ਕਵਿਤਾਵਾਂ ਦੇ ਗੀਤ ਹੀ ਕਿਉਂ ? ਭਾਰਤ ਦੇ ਪੇਂਡੂਆਂ ਨੇ ਸਦਾ ਹੀ ਇਤਿਹਾਸ ਦੀਆਂ ਮਹਤਵ ਪੂਰਨ ਘਟਨਾਵਾਂ ਨੂੰ ਲੋਕ ਗੀਤਾਂ ਵਿਚ ਸਦਾ ਲਈ ਸਮੋ ਦਿਤਾ ਹੈ ਤੇ ਉਹ ਅਜ ਵੀ ਇੰਝ ਹੀ ਕਰਦੇ ਹਨ, ਅਤੇ ਸਾਡੇ ਲੋਕਗੀਤ, ਆਦਿਵਾਸੀ ਗੀਤ ਖੂਬਸੂਰਤ ਕਵਿਤਾਵਾਂ ਵੀ ਹਨ ।

ਸੰਕਟ ਦੀ ਇਸ ਘੜੀ ਵਿਚ ਉਹ ਕੀ ਕਰ ਰਹੇ ਹਨ ? ਉਹ ਕਿਉਂ ਨਹੀਂ ਬਿਹਾਰ, ਆਂਧਰਾ ਪ੍ਰਦੇਸ਼ ਜਾਂ ਹੋਰਨਾਂ ਥਾਵਾਂ ਤੇ ਚਲ ਰਹੇ ਸੰਘਰਸ਼ ਬਾਰੇ ਪੜ੍ਹ ਜਾਂ ਜਾਣ ਨਹੀਂ ਸਕਦੇ ? ਨਕਸਲਵਾਦੀ ਲਹਿਰ ਕਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੀ ਕੁਝ ਜੀਵਤ ਸਮੱਸਿਆਵਾਂ ਦਾ ਤਰਕ ਪੂਰਨ ਸਿੱਟਾ ਸੀ । ਕੀ ਉਹ ਸਮੱਸਿਆਵਾਂ ਹਲ ਹੋ ਗਈਆ ਜਾਂ ਇਹਨਾਂ ਲੇਖਕਾਂ ਨੇ ਸ਼ੁਤਰਮੁਰਗ ਵਾਂਗ ਕੁਝ ਵੀ ਵੇਖਣ ਤੋਂ ਨਾਂਹ ਕਰ ਦਿਤੀ ਹੈ ? ਮੇਰਾ ਸਰੋਕਾਰ ਇਹਨਾਂ ਨਾਲ ਹੈ । ਦੂਜਿਆਂ ਦੀ ਗਲ ਕਰਨੀ ਫਜ਼ੂਲ ਹੈ ।

ਅਜੋਕੇ ਸਾਹਿਤ ਦਾ ਇਕ ਠੋਸ ਅਧਾਰ ਬਨਾਣਾ ਚਾਹੀਦਾ ਹੈ । ਇਸ ਦੀ ਬੁਨਿਆਦ ਨੂੰ ਬੜਾ ਮਜ਼ਬੂਤ ਕਰਨਾ ਹੋਵੇਗਾ । ਜ਼ੁਲਮ ਤੇ ਦਮਨ ਦੇ ਤੰਤਰ ਨੂੰ ਨੰਗਾ ਕਰਨਾ ਪਵੇਗਾ । ਭਾਰਤ ਦੀ ਜਟਿਲ ਤੇ ਔਖੀ ਜ਼ਮੀਨੀ ਪ੍ਰਣਾਲੀ ਸੁਧਾਰ ਕਨੂੰਨਾਂ ਦੀ ਨਕਾਬ 'ਚ ਗਰੀਬ ਕਿਸਾਨਾਂ ਦੀ ਲੁੱਟ, ਜਾਤਾਂ ਦੇ ਅਧਾਰ ਤੇ ਜ਼ੁਲਮ, ਜਾਤ ਤੇ ਵਰਗ ਦੇ ਅਧਾਰ ਤੇ ਦਮਨ, ਪ੍ਰਸ਼ਾਸਨ ਦਾ ਅਸਲੀ ਚਿਹਰਾ, ਮੌਕਾ ਪ੍ਰਸਤ ਖੱਬੂਆਂ ਦੀ ਅਗਵਾਈ ਵਾਲੀਆਂ ਕਿਸਾਨ ਲਹਿਰਾਂ ਦਾ ਭਾਂਡਾ ਭੰਨਣਾ–ਇਸ ਨੂੰ ਅਜ ਦੇ ਸਾਹਿਤ ਦੀ ਬੁਨਿਆਦ ਬਨਾਉਣਾ ਪਵੇਗਾ । ਸਚਾਈ ਨੂੰ ਬਾਰ ਬਾਰ ਦੋਹਰਾਣਾ ਪਵੇਗਾ । ਸਿਰਫ ਇਸੇ ਢੰਗ ਨਾਲ ਅਸੀਂ ਸਾਜ਼ਸ਼ੀਆਂ ਦਾ ਮੁਕਾਬਲਾ ਕਰ ਸਕਦੇ ਹਾਂ ।

ਕੀ ਇਹ ਲੇਖਕ ਸੋਚਦੇ ਹਨ ਕਿ ਕਿਉਂਕਿ ਸ਼ਹਿਰੀ ਨੌਜਵਾਨਾਂ ਨੂੰ ਤਸੀਹੇ ਦਿਤੇ ਗਏ, ਉਹਨਾਂ ਦੇ ਕਤਲ ਕੀਤੇ ਗਏ ਤੇ ਉਹਨਾਂ ਨੂੰ ਜੇਲ੍ਹਾਂ ਵਿਚ ਸੁਟਿਆ ਗਿਆ, ਇਸ ਲਈ ਘੋਲ ਖਤਮ ਹੋ ਗਿਆ ? ਭਾਰੀ ਔਕੜਾਂ ਦੇ ਖਿਲਾਫ ਮੇਰੀ ਸ਼ਰਧਾ ਦਾ ਆਧਾਰ ਦਰਅਸਲ ਇਹ ਹੈ ਕਿ ਘੋਲ ਕਦੀ ਖ਼ਤਮ ਨਹੀਂ ਹੋਇਆ । ਜਿਥੇ ਜਿਥੇ ਘੋਲ ਦੇ ਕਾਰਨ ਮੌਜੂਦ ਹਨ ਉਥੇ ਅਜ ਵੀ––ਇਨ੍ਹਾਂ ਲਾਈਨਾਂ ਦੇ ਲਿਖੇ ਜਾਣ ਵੇਲੇ ਵੀ––ਹਥਿਆਰ ਬੰਦ ਘੋਲ ਜਾਰੀ ਹੈ । ਅਤੇ ਨਾਲ ਹੀ ਜ਼ਾਲਮਾਨਾ ਦਮਨ ਵੀ ਕਾਇਮ ਹੈ ।

ਇਹ ਨੌਜਵਾਨ ਲੇਖਕ [illegible]ਾਵਰ ਲੇਖਕਾਂ ਦੀ ਗ਼ੈਰ-ਈਮਾਂਨਦਾਰੀ ਤੇ ਪਲਾਇਨਵਾਦੀ ਰੁਚੀ ਲਈ ਨਿੰਦਿਆਂ ਕਰਦੇ ਹਨ। ਉਹਨਾਂ ਦਾ ਇੰਜ ਕਰਨਾ ਜਾਇਜ਼ ਵੀ ਹੈ ਪਰ ਮੈਂ ਉਹਨਾਂ ਨੂੰ ਕਹਿਣਾ ਚਾਹੁੰਦੀ ਹਾਂ—'ਇਹ ਮੰਨੀ ਹੋਈ ਗੱਲ ਹੈ ਕਿ ਪ੍ਰਤੀਬੱਧਤਾ ਤੇ ਸੰਬੱਧਤਾ ਦੀ ਦਿਸ਼ਾ ਵਲ ਉਹਨਾਂ ਤੋਂ ਕੁਝ ਵੀ ਆਸ ਨਹੀਂ ਕੀਤੀ ਜਾ ਸਕਦੀ। ਪਰ ਕੀ ਤੁਸੀਂ ਉਹ ਕੀਤਾ ਜਿਹੜਾ ਕਰ ਸਕਦੇ ਸੋ?' ਬਿਹਾਰ ਦੇ ਜਗਦੀਸ਼ ਮਹਤੋ, ਰਾਮੇਸ਼ਵਰ ਅਹੀਰ ਤੇ ਗੰਭੀਰਾਂ, ਆਂਧਰ ਦੇ ਪੰਤਾਦਵੀ ਕ੍ਰਿਸ਼ਨ ਮੂਰਤੀ ਤੇ ਸੁੱਬਾਰਾਓ, ਪੱਛਮ ਬੰਗਾਲ ਦੇ ਪੇਂਡੂ ਤੇ ਆਦਿ ਵਾਸੀ ਜੋਧੇ. ਕਿਉਂ ਇਨ੍ਹਾਂ ਲੇਖਕਾਂ ਵਿਚ ਰੁਚੀ ਪੈਦਾ ਕਰਦੇ ? ਦਿੱਲੀ ਰਾਜਹਰਾਖਾਨ ਮਜ਼ਦੂਰ ਘੋਲ, ਸਾਗਵਾਨ ਘੋਲ ਜਾਂ ਬੰਧਕ ਮਜ਼ਦੂਰਾਂ ਤੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ—ਇਹ ਲਿਖਣ ਲਈ ਜੀਉਂਦੇ ਵਿਸ਼ੇ ਹਨ। ਇਹ ਖ਼ਾਮੋਸ਼ ਰਹਿਣ ਦਾ ਵੇਲਾ ਨਹੀਂ।

ਜੇ ਉਹ ਸਮਝਦੇ ਹਨ ਕਿ ਆਮ ਪਾਠਕਾਂ ਨੂੰ ਇਹ ਗੱਲਾਂ ਦਾ ਪਤਾ ਹੈ ਤਾਂ ਉਹ ਭਰਮ ਵਿਚ ਹਨ। ਹਾਲ ਵਿਚ ਹੀ ਮੈਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਸਾਡਾ ਪਾਠਕ ਜ਼ਮੀਨ ਨਾਲ ਜੁੜੇ ਮਸਲਿਆਂ ਬਾਰੇ ਬਹੁਤ ਘਟ ਵਾਕਫ਼ੀਅਤ ਰਖਦਾ ਹੈ। ਕਈਆਂ ਨੇ ਮੈਨੂੰ ਦਸਿਆ ਕਿ 'ਅਗਨੀ ਗਰਭ' ਵਿਚ ਸੰਕਲਿਤ ਮੇਰੇ ਪਹਿਲੇ ਨਾਵਲਿੱਟ 'ਆਪਰੇਸ਼ਨ ਬਸਾਈ ਟੂਡੂ' ਦੇ ਪੜ੍ਹਨ ਤੋਂ ਪਹਿਲਾਂ ਤੱਕ ਉਹ ਖੇਤ ਮਜ਼ਦੂਰਾਂ ਬਾਰੇ ਕੁਝ ਨਹੀਂ ਜਾਣਦੇ ਸਨ। ਨਕਸਲਵਾਦੀਆਂ ਦੇ ਇਕ ਹਮਦਰਦ ਨੂੰ ਇਹ ਜਾਣਕੇ ਬੜੀ ਹੈਰਾਨੀ ਹੋਈ ਕਿ ਪਲਾਮੂ ਦੇ ਇਕ ਆਦਿਵਾਸੀ ਨੂੰ 1977 ਤਕ ਇਸ ਲਈ ਬੰਧਕ ਮਜ਼ਦੂਰ ਦੇ ਤੌਰ ਤੇ ਕੰਮ ਕਰਨਾ ਪਿਆ ਕਿਉਂਕਿ 30 ਵਰ੍ਹੇ ਪਹਿਲਾਂ ਉਸ ਨੇ ਨੌ ਆਨੇ ਉਧਾਰ ਲਏ ਸਨ। ਉਸ ਨੇ ਕੋਰੇ ਕਾਗ਼ਜ਼ ਉਤੇ ਅਗੂਠਾ ਲਵਾਇਆ ਹੋਇਆ ਸੀ। ਮੈਂ ਇਨ੍ਹਾਂ ਨੌਜਵਾਨ ਲੇਖਕਾਂ ਨੂੰ ਕਹਿੰਦੀ ਹਾਂ ਕਿ ਉਹ ਲੁੱਟ-ਪ੍ਰਣਾਲੀ ਦਾ ਪਰਦਾ-ਫਾਸ਼ ਕਰਨ ਤੇ ਆਪਣੀਆਂ ਲਿਖਤਾਂ ਵਿਚ ਹਥਿਆਰ ਬੰਦ ਘੋਲ ਜਾਰੀ ਰਖਣ ਦੀਆਂ ਲੋੜਾਂ ਨੂੰ ਸਥਾਪਿਤ ਕਰਨ। ਫ਼ਿਲਮ ਨਿਰਮਾਤਾ ਜਾਣ ਬੁਝ ਕੇ ਸ਼ਹਿਰੀ ਨਕਸਲਵਾਦੀ ਨੌਜਵਾਨਾਂ ਦੀ ਗਲਤ ਤਸਵੀਰ ਪੇਸ਼ ਕਰਦੇ ਹਨ। ਉਹ ਕਦੀ ਵੀ ਕਿਸ਼ਟਾ ਗੌੜ ਜਾਂ ਭੂਮੀਆ ਜਾਂ ਭਾਈ ਬੂਝਾ ਸਿੰਘ ਜਾਂ ਗੰਭੀਰਾਂ 'ਤੇ ਫ਼ਿਲਮ ਨਹੀਂ ਬਨਾਉਣਗੇ।

ਸ਼ਾਇਦ ਮੈਂ ਆਪਣੀ ਗੱਲ ਦੋਹਰਾ ਰਹੀ ਹਾਂ। ਪਰ ਇਹ ਬੜਾ ਬੁਰਾ ਵਕਤ ਹੈ। ਨਕਸਲਵਾਦੀਆਂ ਵਲੋਂ ਉਪਰਾਮਤਾ ਪੈਦਾ ਕਰਨ ਦੀ ਕਿਉਂ ਲੋੜ ਪੈਂਦੀ ਹੈ ? ਇਸ ਦੀ ਵਜ੍ਹਾ ਇਹ ਹੈ ਕਿ ਆਪਣੀ ਸਾਰੀਆਂ ਘਾਟਾਂ ਦੇ ਬਾਵਜੂਦ ਸਿਰਫ ਉਹ ਹੀ ਸਾਨੂੰ ਉਹਨਾਂ ਸਮੱਸਿਆਵਾਂ ਨੂੰ ਵੇਖਣ ਲਈ ਮਜਬੂਰ ਕਰਦੇ ਹਨ. ਜਿਹੜੀਆਂ ਦੇਸ਼ ਨੂੰ ਤਹਿਸ-ਨਹਿਸ ਕਰ ਰਹੀਆਂ ਹਨ।

ਇਸ ਲਈ ਇਕ ਪਾਸੇ ਤਾਂ ਲੰਮੇ ਚੌੜੇ ਸ਼ਬਦਾਂ ਦੇ ਉਹਲੇ ਵਿਚ ਦਮਨ ਦੀ ਨੀਤੀ ਉਤੇ ਪਰਦਾ ਪਾ ਜਾਂਦੇ ਹਨ ਤੇ ਦੂਜੇ ਪਾਸੇ ਡੇਬਰਾ ਵਿਚ ਘਟ ਤੋਂ ਘਟ ਮਜ਼ਦੂਰੀ ਦੀ ਮੰਗ ਕਰਨ ਵਾਲੇ ਖੇਤ ਮਜ਼ਦੂਰਾਂ ਦੇ ਦਮਨ ਲਈ ਪੁਲਸ ਨੂੰ ਜ਼ੁਲਮ ਲਈ ਛੱਡ ਦਿਤਾ ਜਾਂਦਾ ਹੈ। ਇਨਕਲਾਬ ਨੂੰ ਵੇਚਣ ਵਾਲੀ ਚੀਜ਼ ਬਣਾ ਦਿਤਾ ਜਾਂਦਾ ਹੈ। ਅਜ ਕਲ ਪੱਛਮੀ ਬੰਗਾਲ ਵਿਚ ਇਨਕਲਾਬ ਦਾ ਭਾਅ ਬੜਾ ਉੱਚਾ ਹੈ। ਜਾਤਰਾਂ ਨਾਟਕਾਂ ਵਿਚ ਇਨਕਲਾਬੀ ਵਿਸ਼ੇ ਭਰੇ ਹੁੰਦੇ ਹਨ। ਇਸ ਦੀ ਸਕ੍ਰਿਪਟ ਕਿਸੇ ਮਸ਼ਹੂਰ ਪੇਸ਼ਾਵਰ ਇਨਕਲਾਬੀ ਨਾਟਕਕਾਰ ਤੋਂ ਲਿਖਵਾਈ ਜਾਂਦੀ ਹੈ, ਹਰ ਨਾਟਕ ਦੀ ਪੇਸ਼ਕਾਰੀ ਵਿਚ ਕਾਫ਼ੀ ਪੈਸੇ ਖਰਚ ਹੁੰਦੇ ਹਨ। ਭੋਲੇ ਭਾਲੇ ਦਰਸ਼ਕ ਤਿਲੰਗਾਨਾ ਘੋਲ, ਹੋ ਚੀ ਮਿਨ, ਮਾਓ-ਜ਼ੇ-ਤੁੰਗ, ਲੈਨਿਨ ਦਾ ਵਿਗੜਿਆ ਰੂਪ ਵੇਖਦੇ ਹਨ। ਦਰਅਸਲ ਪੱਛਮੀ ਬੰਗਾਲ ਵਿਚ ਇਨਕਲਾਬ ਉਤੇ ਮਨੋਰੰਜਨ ਦੀ ਦੁਨੀਆਂ ਦੀ ਇਜਾਰੇਦਾਰੀ ਹੈ। ਫ਼ਿਲਮਾਂ ਬਣ ਰਹੀਆਂ ਹਨ, ਜਾਤਰਾ ਮੰਡਲੀਆਂ ਨਾਟਕ ਖੇਡਣ ਵਿਚ ਰੁੱਝੀਆਂ ਹਨ। ਇਸ ਤਰ੍ਹਾਂ ਆਮ ਆਦਮੀ ਦੇ ਮਨ ਵਿਚ ਇਹ ਗੱਲ ਬੈਠਾਈ ਜਾ ਰਹੀ ਹੈ ਕਿ ਇਨਕਲਾਬ ਮਨੋਰੰਜਨ ਦਾ ਇਕ ਸਾਧਨ ਹੈ। ਇਕ ਤੋਂ ਬਾਅਦ ਅਖ਼ਬਾਰਾਂ ਤੇ ਰਸਾਲਿਆਂ ਦੇ ਪ੍ਰਕਾਸ਼ਕ ਉਤੇ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ। ਆਖਰ ਸੜਨ ਦੀ ਪ੍ਰਕ੍ਰਿਆ ਦਿਮਾਗ ਤੋਂ ਹੀ ਸ਼ੁਰੂ ਹੁੰਦੀ ਹੈ।

ਬੜੀ ਸੰਕਟ ਭਰੀ ਘੜੀ ਹੈ। ਮੈਂ ਨਹੀਂ ਜਾਣਦੀ ਕਿ ਇਸ ਤੋਂ ਵੀ ਵੱਧ ਸੰਕਟ ਵਾਲੀ ਘੜੀ ਆਈ ਸੀ। ਇਹੋ ਵੇਲਾ ਹੈ ਕੰਮ ਕਰਨ ਦਾ। ਇਹ ਸੋਚ ਕੇ ਕਿ ਅਸੀਂ ਓਨਾਂ ਕੀਤਾ ਜਿੰਨਾ ਕਰ ਸਕਦੇ ਸਾਂ, ਸੰਤੋਖ ਕਰ ਲੈਣ ਨਾਲ ਕੰਮ ਨਹੀਂ ਚਲਣਾ ਕਿਉਂਕਿ ਸਤਰਗਮ ਕਾਤਕ੍ਰਨ, ਪ੍ਰਤੀਬੱਧ ਲੋਕ ਅਜ ਦੇ ਪੇਸ਼ਾਵਰ ਲੇਖਕਾਂ ਨੂੰ ਮੁਆਫ਼ ਨਹੀਂ ਕਰਨਗੇ। ਜੇ ਨੌਜਵਾਨ ਲੇਖਕ ਆਪਣੀ ਜ਼ਿੰਮੇਵਾਰੀ ਤੋਂ ਕਤਰਾਉਣਗੇ ਤਾਂ ਉਹ ਲੋਕ ਇਨ੍ਹਾਂ ਨੂੰ ਕਦੀ ਮੁਆਫ਼ ਨਹੀਂ ਕਰਨਗੇ, ਜਿਹੜੇ ਅਜ ਘੋਲ 'ਚ ਰੁਝੇ ਹਨ। ਹਰੇਕ ਸੁਚੇਤ ਤੇ ਪ੍ਰਤੀਬੱਧ ਲੇਖਕ ਦਾ ਫਰਜ਼ ਹੈ ਕਿ ਉਹ ਤਰਕ ਤੇ ਅੰਕੜਿਆਂ ਦੇ ਅਧਾਰ 'ਤੇ ਅਤੇ ਅਜੋਕੇ ਸਮੇਂ 'ਚ ਜਾਰੀ ਘੋਲ ਨੂੰ ਇਤਿਹਾਸਕ ਪਰਿਪੱਖ ਵਿਚ ਵੇਖੇ। ਉਪਰਾਮ ਹੋਏ ਲੇਖਕਾਂ ਦੀ ਨਿੰਦਿਆ ਕਰਨਾ ਆਪਣਾ ਸਮਾਂ ਖ਼ਰਾਬ ਕਰਨਾ ਹੈ। ਸਾਰੀਆਂ ਬੁਰਾਈਆਂ ਦੂਜਿਆਂ ਵਿਚ ਵੇਖਣਾ ਇਕ ਮੱਧ ਵਰਗੀ ਆਦਤ ਹੈ। ਇਸ ਨਾਲ ਆਪਣਾ ਫਰਜ਼ ਨਾ ਪੂਰਾ ਕਰਨ ਦੀ ਗਲਤੀ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।

ਧੰਨਵਾਦ ਸਾਹਿਤ 'ਸਮਤਾ' ਵਿਚੋਂ

---


**ਪੰਜਾਬੀ ਹਿੰਦੀ ਵੀਡੀਓ ਮੂਵੀਜ਼**

**BEST AND GUARANTEED PRINTS**

**MAIL ORDER ACCEPTED PHONE 873-8308**

Western Canada's Sole Distributors for

**ESQUIRE** Video Cassettes

# Goyal Import-Export Ltd

*PROUDLY ANNOUNCE THE ARRIVAL OF NEW & OLD*

**ESQUIRE** *MOVIES*

**Jab-Jab Phool Khiley: Be-Reham: Do-Premee; Maang Bharo Sajana, Patita Satyam Shivam Sundaram, Mera Naam Joker, Ram Balram, BE-REHAM Junoon Shikshaa**



SH. RAJINDER GOYAL

SPECIAL FOR INDIA

## National Panasonic

**CASSETT RECORDER**

110/220V RQ-2157 & RQ. 2309

Now Only **$80.00**

## HITACHI

**TRS—8002 W**

**MW/SW1/SW2/SW3**

**STEREO CASETTE RECORDER**

**REG. $325.00**

**NOW $265 ONLY**

*Mail Order Accepted*

## TOSHIBA'S 1981 MODEL V 8000

**NOW FOR ONLY $1199** *With one free movie*

**FOR ALL YOUR 220V electronic requirements**

COME AND SEE US AT

**IMPORT-WHOLESALE-RETAIL**

**4156 FRASER ST. VANCOUVER**

**PH: 873-8308 & 9**

---

# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311

**GET YOUR** Autoplan **AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

***Income Tax Services also available***

ਪੰਜਾਬੀ ਲਿਟਰੇਰੀ ਐਸੋਸੀਏਸ਼ਨ•

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

"ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ" ਦੀ ਮੀਟਿੰਗ 19.4.1981 ਨੂੰ 5346 ਮੇਨ ਸਟਰੀਟ ਵੈਨਕੂਵਰ, ਅਜਮੇਰ ਰੋਡੇ ਦੇ ਗ੍ਰਹਿ ਵਿਖੇ ਦੋ ਵਜੇ ਬਾਅਦ ਦੁਪਿਹਰ ਸ਼ੁਰੂ ਹੋਈ। ਤਕਰੀਬਨ ਵੀਹਾਂ ਦੇ ਕਰੀਬ ਲਿਖਾਰੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਇਸ ਇਕੱਤਰਤਾ ਨੂੰ ਪੰਜ ਘੰਟੇ ਮਾਣਿਆਂ। ਸੱਭ ਤੋਂ ਪਹਿਲਾਂ ਅਜਮੇਰ ਰੋਡੇ ਨੇ ਹੁਣੇ ਹੁਣੇ ਖਤਮ ਕੀਤੀ ਆਪਣੀ ਭਾਰਤ ਫੇਰੀ ਬਾਰੇ ਵੱਖੋ ਵੱਖਰੇ ਵਿਸ਼ਿਆਂ, ਮਸਲਨ ਸਿਆਸੀ, ਸਾਹਿਤਕ, ਅਤੇ ਹੋਰ ਮੌਜੂਦਾ ਆਰਥਿਕ ਮਸਲਿਆਂ ਬਾਰੇ ਆਮ ਰੀਪੋਰਟਿੰਗ ਕੀਤੀ। ਭਾਰਤ ਅਤੇ ਇੰਗਲੈਂਡ ਮਿਲੇ ਸਾਹਿਤਕਾਰਾਂ ਦੇ ਕੈਨੇਡਾ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਵਿਚਾਰ ਦੱਸੇ।

ਅਮਰਜੀਤ ਚਾਹਲ ਨੇ ਕਹਾਣੀ ਪੜ੍ਹੀ ਜਿਸ ਤੇ ਭੱਖਵੀਂ ਬਹਿਸ ਹੋਈ। ਜਰਨੈਲ ਸੇਖਾ, ਸਾਧੂ, ਅਜਮੇਰ ਰੋਡੇ, ਸੁਰਜੀਤ ਕਲਸੀ ਅਤੇ ਗੁਰਚਰਨ ਰਾਮਪੁਰੀ ਹੋਰਾਂ ਇਸ ਬਹਿਸ 'ਚ ਭਰਪੂਰ ਹਿੱਸਾ ਲਿਆ। ਇਸ ਤੋਂ ਪਹਿਲੀ ਹੋਈ ਸਾਹਿਤ ਮਿਲਣੀ ਵਿੱਚ ਸੁਖਵੰਤ ਹੁੰਦਲ ਦੀ ਕਹਾਣੀ "ਜੂਠੀ ਪਲੇਟ" ਸਲਾਹਿਆ ਗਿਆ ਸੀ। ਸੁਰਜੀਤ ਕਲਸੀ ਲਿਖਤ "ਪੌਣਾਂ ਨਾਲ ਗੁਫਤਗੂ" ਕਿਤਾਬ ਸਬੰਧੀ ਜਰਨੈਲ ਸੇਖਾ ਨੇ ਆਪਣਾ ਆਲੋਚਨਾਤਮਕ ਰੀਵੀਊ ਪੜ੍ਹਿਆ। ਸਾਧੂ ਨੇ ਇਕ ਕਵਿਤਾ ਅਤੇ ਸ਼ਮਸ਼ੇਰ ਭੱਟੀ ਨੇ ਕਹਾਣੀ "ਸਪਣਾ ਦਿਲ" ਪੜ੍ਹੀ।

ਅੰਤ ਦੀ ਮੀਟਿੰਗ ਵਿੱਚ ਸਾਹਿਤ ਸਭਾ ਵਲੋਂ ਛਾਪੀ ਗਈ ਪੁਸਤਕ "ਕੈਨੇਡਾ ਦੀ ਪੰਜਾਬੀ ਕਵਿਤਾ" ਨੂੰ ਵੇਚਣ ਬਾਰੇ ਇਕ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਹਰ ਇਕ ਮੈਂਬਰ ਪੰਜ ਪੰਜ ਕਿਤਾਬਾਂ ਵੇਚੇ। ਕੁਝ ਸਟੋਰਾਂ ਤੇ ਵੇਚੀਆਂ ਜਾਣ ਅਤੇ ਕੁਝ ਸੈਂਟਰਲ ਲਾਇਬ੍ਰੇਰੀ ਨੂੰ ਦਿੱਤੀਆਂ ਜਾਣ। ਉਪਰੰਤ ਅਜਮੇਰ ਰੋਡੇ ਹੋਰਾਂ ਦੇ ਪਰਿਵਾਰ ਵਲੋਂ ਸਭ ਹਾਜ਼ਰੀਨ ਨੂੰ ਚਾਹ ਪਿਆਈ ਗਈ ਤੇ ਮੀਟਿੰਗ ਦੀ ਸਮਾਪਤੀ ਹੋਈ।

ਕੁਲਵੰਤ ਸਹੋਤਾ (ਸਕੱਤਰ)

ਮਿਤੀ 4 ਅਪ੍ਰੈਲ, 1981 ਨੂੰ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਫੋਰਟ ਨੈਲਸਨ ਦੀ ਮੀਟਿੰਗ ਸ੍ਰੀ ਜਗਦੇਵ ਜਟਾਣਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਨਿਮਨ ਕਾਰਵਾਈ ਹੋਈ:-

1. ਸ੍ਰੀ ਹਰਿਪਾਲ ਨੇ ਜ਼ਾਤੀ ਕਾਰਨਾ ਕਾਰਨ ਸਕੱਤਰ/ਖਜ਼ਾਨਚੀ ਵਜੋਂ ਕੰਮ ਕਰਨ ਤੇ ਅਸਮਰੱਥਾ ਪ੍ਰਗਟ ਕੀਤੀ ਤੇ ਬਰਾਂਚ ਨੇ ਉਨ੍ਹਾਂ ਨੂੰ ਇਸ ਜ਼ੁੰਮੇਵਾਰੀ ਤੋਂ ਵਿਹਲੇ ਕਰਕੇ, ਉਨ੍ਹਾਂ ਦੀ ਥਾਂ ਸ੍ਰੀ ਹਰਜਿੰਦਰ ਚੀਮਾਂ ਨੂੰ ਸਕੱਤਰ/ਖਜ਼ਾਨਚੀ ਨਿਯਤ ਕੀਤਾ ਗਿਆ।

2. ਬਰਾਂਚ ਦੇ ਮੈਂਬਰਾਂ ਨੇ ਸਮੁੱਚੇ ਤੌਰ ਤੇ ਫੈਸਲਾ ਕਰਕੇ ਇਆਪਾ (ਲਿਊ ਆਇਸ਼) ਨਾਲੋਂ ਆਪਣੇ ਸਬੰਧ ਤੋੜਨ ਦਾ ਫੈਸਲਾ ਕੀਤਾ। ਇਸ ਸਬੰਧੀ ਪ੍ਰਧਾਨ ਰਵਿੰਦਰ ਰਵੀ ਨੂੰ ਸੂਚਿਤ ਕਰ ਦੇਣ ਦਾ ਮਤਾ ਪਾਸ ਹੋਇਆ।

3. ਮੀਟਿੰਗ ਵਿੱਚ ਦਰਸ਼ਨ ਗਿੱਲ ਨੇ ਆਪਣੀ ਕਵਿਤਾ 'ਸਬੂਤੀ ਅੱਖ', ਜਗਦੇਵ ਜਟਾਣਾਂ ਨੇ ਆਪਣੀ ਕਹਾਣੀ 'ਪਰਜ਼ਾ ਪੁਰਜ਼ਾ ਕੱਟ ਮਰੇ, ਹਰੀ ਪਾਲ ਨੇ 'ਫਾਸਲਾ' 'ਰੰਗਾਂ ਦਾ ਰਿਸ਼ਤਾ' ਤੇ 'ਆਸਾ ਬਦੇਸ਼' ਹਰਜਿੰਦਰ ਚੀਮਾਂ ਨੇ 'ਜਲਾਵਤਨ' ਤੇ 'ਅਫਵਾਹ' ਤੇ ਅਮਰਜੀਤ ਚਿੱਤਰ ਨੇਂ ਆਪਣੀ ਗ਼ਜ਼ਲ ਸੁਣਾਈ ਤੇ ਬਹਿਸ ਹੋਈ।

ਹਰਜਿੰਦਰ ਚੀਮਾਂ (ਸਕੱਤਰ)

---

(ਸਫਾ 17 ਦੀ ਬਾਕੀ)

ਸਥਿਤੀਆਂ ਵਿੱਚ ਅਜੀਬ ਅਜੀਬ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਜ਼ਰੂਰੀ ਹੈ ਕਿ ਇਨ੍ਹਾਂ ਬਾਰੇ ਹਰ ਪੱਖੋਂ ਸੰਜੀਦਗੀ ਨਾਲ ਵਿਚਾਰ ਵਿਟਾਂਦਰਾ ਕੀਤਾ ਜਾਵੇ। ਇਸ ਪਾਸੇ ਨੂੰ ਛੋਹਿਆਂ "ਇੰਡੀਆ ਮਹਿਲਾ ਐਸੋਸੀਏਸ਼ਨ" ਦਾ ਇਹ ਕਦਮ ਸਲਾਹੁਣ ਯੋਗ ਹੈ। ਉਮੀਦ ਹੈ ਉਹ ਅਗੋਂ ਤੋਂ ਵੀ ਗਲਬਾਤ ਦੇ ਅਜਿਹੇ ਸੰਜੀਦਾ ਮੌਕੇ ਪੈਦਾ ਕਰਨਗੇ ਕਿਉਂਕਿ ਇਥੇ ਬਹੁ-ਗਿਣਤੀ ਕਾਮ-ਵਰਗ ਦੀਆਂ ਔਰਤਾਂ ਦੀ ਹੈ ਅਤੇ ਉਨ੍ਹਾਂ ਨੂੰ ਸਭ ਤੋਂ ਵੱਧ ਤਕਲੀਫਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਇਸ ਕਰਕੇ ਐਸੋਸੀਏਸ਼ਨ ਨੂੰ ਇਨ੍ਹਾਂ ਔਰਤਾਂ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਸਥਾਈ ਕਾਲਮ



# ਲੋੜਤ

ਇਕ ਰਿਪੋਰਟ ਜਿਹੜੀ 'ਰਜਿਸਟਰ ਆਫ ਨਿਊਜ਼ਪੇਪਰ ਫਾਰ ਇੰਡੀਆ' ਵਲੋਂ ਕੱਢੀ ਗਈ ਹੈ, ਅਨੁਸਾਰ ਭਾਰਤ ਵਿਚ ਛਪਦੇ ਅਖਬਾਰਾਂ ਰਸਾਲਿਆਂ ਦੀ ਸੱਭ ਤੋਂ ਵੱਧ ਗਿਣਤੀ ਪੰਜਾਬੀ ਦੀ ਹੈ। ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਜਿਹਨੂੰ ਕਿ ਕੁਝ ਸਮਾਂ ਪਹਿਲਾਂ ਇਕ ਪਿਛੇ ਰਹਿ ਗਈ ਬੋਲੀ ਸਮਝਿਆ ਜਾਂਦਾ ਸੀ ਇੰਨੀ ਜਲਦੀ ਭਾਰਤ ਵਿਚੋਂ ਸਿਰ ਕੱਢਵੀਂ ਬੋਲੀ ਦੇ ਤੌਰ ਤੇ ਸਾਹਮਣੇ ਆ ਰਹੀ ਹੈ। ਪੰਜਾਬੀ ਲਿਖੇ ਤੇ ਛਾਪੇ ਜਾ ਰਹੇ ਸਾਹਿਤ ਦੀ ਮਿਕਦਾਰ ਤੇ ਕੁਆਲਟੀ ਦਿਨੋਂ ਦਿਨ ਵੱਧ ਰਹੀ ਹੈ। ਇਹਦੇ ਸਬੂਤ ਲਈ ਸਾਨੂੰ ਦੂਰ ਜਾਣ ਦੀ ਲੋੜ ਨਹੀਂ ਇਥੇ ਕੈਨੇਡਾ ਵਿੱਚ ਹੀ ਇਹਦੀ ਸ਼ਾਨਦਾਰ ਝਲਕੀ ਦਿਸ ਪੈਂਦੀ ਹੈ ਜਿਥੇ ਦੂਜੀ ਕਿਸੇ ਵੀ ਭਾਰਤੀ ਬੋਲੀ ਸਣੇ ਹਿੰਦੀ ਦਾ ਕੋਈ ਰੈਗੂਲਰ ਅਖਬਾਰ ਜਾਂ ਰਸਾਲਾ ਦੇਖਣ ਨੂੰ ਨਹੀਂ ਮਿਲਦਾ ਉਥੇ ਪੰਜਾਬੀ ਦੇ ਪਰਚਿਆਂ ਦੀ ਗਿਣਤੀ ਸ਼ਾਇਦ ਹੀ ਦਰਜਨ ਤੋਂ ਉਪਰ ਹੋਵੇਗੀ। ਇਹ ਗੱਲ ਠੀਕ ਹੈ ਕਿ ਪੰਜਾਬੀ ਇਥੇ ਘਟ-ਗਿਣਤੀ ਵਿਚ ਹਨ ਪਰ ਹੋਰ ਵੀ ਕਈ ਬੋਲੀਆਂ ਬੋਲਣ ਵਾਲੇ ਭਾਰਤੀ ਲੋਕ ਇਥੇ ਕਾਫੀ ਮਾਤਰਾ ਵਿੱਚ ਹਨ। ਪੰਜਾਬੀ ਵਿੱਚ ਸਾਹਿਤਕ, ਸਿਆਸੀ, ਧਾਰਮਿਕ ਤੇ ਵਪਾਰਿਕ ਹਰ ਕਿਸਮ ਦੇ ਪੱਤਰ ਛੱਪ ਰਹੇ ਹਨ ਤੇ ਕਈ ਹੋਰ ਨਵਿਆਂ ਦੇ ਜਾਰੀ ਹੋਣ ਬਾਰੇ ਅਕਸਰ ਪਤਾ ਲੱਗਦਾ ਰਹਿੰਦਾ ਹੈ। ਪੰਜਾਬੀ ਲੋਕਾਂ ਦੀ ਇਹ ਇਕ ਵਧੀਆ ਪ੍ਰਾਪਤੀ ਹੈ ਤੇ ਅਸੀਂ ਉਹਨਾਂ ਨੂੰ ਇਸ ਦੀ ਵਧਾਈ ਦੇਂਦੇ ਹਾਂ।

o o o o

ਅਮਰੀਕਨ ਟੈਲੀਵਿਜ਼ਨ ਦੇਖਣ ਵਾਲਿਆਂ ਨੂੰ ਕਈ ਕਈ LIVE ਪ੍ਰੋਗਰਾਮ ਦੇਖਣ ਦਾ ਖੂਬ ਮੌਕਾ ਮਿਲਦਾ ਹੈ। ਪਿਛੇ ਜਿਹੇ ਇਰਾਨ 'ਚੋਂ ਛੁੱਟ ਕੇ ਆਏ ਅਮਰੀਕਨਾ ਦਾ ਡਰਾਮਾ ਟੀ. ਵੀ. ਤੋਂ ਖਤਮ ਨਹੀਂ ਸੀ ਹੋਇਆ ਕਿ ਰੀਗਨ ਦੇ ਗੋਲੀ ਲੱਗਣ ਨਾਲ ਇਕ ਨਵਾਂ LIVE ਡਰਾਮਾ ਸ਼ੁਰੂ ਹੋ ਗਿਆ। ਰੀਗਨ ਨੂੰ ਮਾਰਨ ਲਈ ਤੁਰੇ ਫਿਰਦੇ ਸੈਂਕੜੇ ਲੋਕਾਂ ਵਿਚੋਂ ਇਕ ਸਿਰ ਫਿਰੇ ਦਾ ਦਾਅ ਚੱਲ ਗਿਆ ਤੇ ਉਹਨੇ ਰੀਗਨ ਦੀ ਵੱਖੀ 'ਚ ਗੋਲੀ ਜੜ ਦਿੱਤੀ। ਇਸ ਵਾਕਿਆ ਨਾਲ ਅਮਰੀਕਨ ਸਮਾਜ ਦਾ ਉਹ ਕੋਹਜ਼ਾ ਪੱਖ ਫਿਰ ਇਕ ਵਾਰੀ ਸੱਭ ਦੇ ਸਾਹਮਣੇ ਉਜਾਗਰ ਹੋਇਆ ਜਿਹੜਾ ਉਂਝ ਹਾਲੀਵੁੱਡ ਦੀਆਂ ਫਿਲਮਾਂ ਵਿੱਚ ਕਾਫੀ ਲਕੋ ਕੇ ਰੱਖਿਆ ਜਾਂਦਾ ਹੈ। ਅਮਰੀਕਾ ਦੇ ਵੱਡੇ ਸ਼ਹਿਰਾਂ ਜਿਵੇਂ ਨਿਊਯਾਰਕ, ਲਾਸ ਏਂਜਲਸ, ਸ਼ਿਕਾਗੋ, ਡਿਟਰੋਇਟ, ਮਿਆਮੀ ਆਦਿ ਵਿੱਚ ਹਰ ਰਾਤ ਸੈਂਕੜਿਆਂ ਦੀ ਗਿਣਤੀ ਵਿੱਚ ਬੇ-ਰੁਜ਼ਗਾਰੀ ਤੇ ਗਰੀਬੀ ਹੱਥੋਂ ਤੰਗ ਆਏ ਲੋਕ ਇਕ ਦੂਜੇ ਦੀ ਗੋਲੀ ਦਾ ਸ਼ਿਕਾਰ ਹੁੰਦੇ ਹਨ। ਡਾਕਿਆਂ, ਚੋਰੀਆਂ ਤੇ ਬਲਾਤਕਾਰਾਂ ਦੀ ਤਾਂ ਗਿਣਤੀ ਅਮਰੀਕਾ ਦੇ ਕੰਪਿਊਟਰ ਵੀ ਨਹੀਂ ਰੱਖ ਸਕਦੇ। ਸ਼ਾਇਦ ਹੀ ਕੋਈ ਸਮਾਂ ਹੋਵੇ ਜਦੋਂ ਅਮਰੀਕਾ ਦੀ ਟੀ. ਵੀ, ਰੇਡੀਓ ਜਾਂ ਅਖਬਾਰਾਂ ਕਿਸੇ ਅਜਿਹੇ ਕੇਸ ਨੂੰ (ਸਨਸੇਸ਼ਨਲਾਈਜ਼) ਨਾ ਕਰ ਰਹੇ ਹੋਣ ਜਿਹਦੇ ਵਿਚ ਜਾਂ ਤਾਂ ਕੋਈ ਦਿਮਾਗੋਂ ਹਿੱਲਿਆ ਬੰਦਾ ਕਿੱਤੇ ਕੋਈ ਨਵੇਂ ਤਰੀਕੇ ਨਾਲ ਖੂਨ ਕਰਦਾ ਹੋਊ ਜਾਂ ਅਜਿਹਾ ਕੁੱਝ ਹੋਰ। ਇਹੋ ਜਿਹਾ ਚੱਕਰ ਕਦੀ ਕਿਸੇ ਸ਼ਹਿਰ ਵਿੱਚ ਚਲ ਰਿਹਾ ਹੁੰਦਾ ਹੈ ਕਦੀ ਕਿਸੇ ਵਿੱਚ। ਅੱਜ-ਕਲ੍ਹ ਅਟਲਾਂਟਾ ਨਾਂ ਦੇ ਸ਼ਹਿਰ ਵਿੱਚ ਕੋਈ ਪਾਗਲ ਬੰਦਾ ਜਾਂ ਜਥੇਬੰਦੀ ਕਾਲੇ ਬੱਚਿਆਂ ਤੇ ਨੌਜਵਾਨਾਂ ਦਾ ਖੂਨ ਕਰ ਰਿਹਾ ਹੈ। ਹੁਣ ਤੱਕ ਦੋ ਦਰਜਨ ਤੋਂ ਉਪਰ ਖੂਨ ਹੋ ਚੁੱਕੇ ਹਨ ਪਰ ਨਾਂ FBI ਤੇ ਨਾਂ CIA ਵਰਗੀਆਂ ਅਮਰੀਕਨ ਸੰਸਥਾਵਾਂ ਇਸ ਦਾ ਕੁਝ ਪਤਾ ਲਗਾ ਸਕੀਆਂ ਹਨ। ਪਰ ਰੀਗਨ ਦੇ ਗੋਲੀ ਲੱਗਣ ਬਾਅਦ ਉਨ੍ਹਾਂ ਕਈ ਹੋਰ ਇਸੇ ਤਾੜ 'ਚ ਫਿਰਦੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਅਮਰੀਕਾ ਦੀ ਸਰਕਾਰ ਤੇ ਉਹਦੇ ਚੋਖਲੇ [illegible] ਦਾ ਇਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਇਕ ਪਾਸੇ ਤਾਂ ਵੱਡੇ ਵੱਡੇ ਰੋਣੇ ਰੋਂਦੇ ਹਨ ਕਿ ਰਸ਼ੀਆ ਵਿੱਚ ਯਹੂਦੀਆਂ ਨਾਲ ਅਤਿਆਚਾਰ ਹੋ ਰਿਹਾ ਹੈ ਜਾਂ ਪੋਲੈਂਡ ਦੇ ਕਾਮੇ ਤੇ ਕਿਸਾਨਾਂ ਨੂੰ ਹੱਕ ਪ੍ਰਾਪਤ ਨਹੀਂ; ਤੇ ਦੂਜੇ ਪਾਸੇ ਇਹਦੇ ਆਪਣੇ ਸ਼ਹਿਰਾਂ ਵਿੱਚ ਤੇ ਖੇਤਾਂ ਵਿੱਚ ਇਨਸਾਨ ਇੰਜ ਰੁਲ ਰਹੇ ਹਨ ਜਿਵੇਂ ਉਹ ਇਨਸਾਨ ਨਹੀਂ ਕੋਈ ਕੀੜੇ ਮਕੌੜੇ ਹੋਣ, ਤੇ ਨਾਲ ਹੀ ਅਮਰੀਕਾ ਵਿੱਚ ਅਜ਼ਾਦੀ ਦੇ ਨਾਂ ਤੇ ਨਾਜ਼ੀ, K. K. K. ਤੇ ਉਹਨਾਂ ਵਰਗੀਆਂ ਹੋਰ ਦਰਜਨਾਂ ਮਨੁੱਖਤਾ ਦੀਆਂ ਵੈਰੀ ਸੰਸਥਾਵਾਂ ਕਿੱਤੇ ਗਰੀਬਾਂ ਨੂੰ ਰੰਗ ਤੇ ਧਰਮ ਦੇ ਨਾਂ ਥੱਲੇ ਦਬਾਉਣ ਦੇ ਆਹਰ 'ਚ ਹਨ। ਰੀਗਨ ਦੇ ਗੋਲੀ ਲੱਗਣੀ ਕੋਈ ਠੀਕ ਗੱਲ ਨਹੀਂ ਤੇ ਇਹ ਚੰਗੀ ਗੱਲ ਹੈ ਕਿ ਉਹ ਬਚ ਗਿਆ. ਪਰ ਇਹਦੇ ਨਾਲ ਅਮਰੀਕਾ ਅੰਦਰਲਾ ਕੋਹੜ ਇਕ ਦਮ ਹਰ ਕਿਸੇ ਦੀਆਂ ਨਜ਼ਰਾਂ ਸਾਹਮਣੇ ਆ ਗਿਆ ਹੈ।

o o o o

ਵੈਨਕੂਵਰ ਵਿਚ ਵਸੇ ਭਾਰਤੀਆਂ ਦਾ ਇਕ ਵੱਡਾ ਹਿੱਸਾ ਛੋਟੇ ਛੋਟੇ ਕੰਮਾਂ ਵਿੱਚ ਜਿਵੇਂ 'ਲਾਂਡਰੀ ਦਾ ਕੰਮ', ਕਿਚਨ ਦਾ ਕੰਮ, ਤੇ ਸਾਫ ਸਫਾਈ (ਜੈਨੇਟੋਰੀਅਲ) ਦੇ ਕੰਮਾਂ ਵਿੱਚ ਲੱਗਾ ਹੋਇਆ ਹੈ। ਵੈਨ-ਕੂਵਰ ਵਿੱਚ ਵੱਡੀਆਂ ਇਮਾਰਤਾਂ ਦੀ ਸਫਾਈ ਕੰਮ ਵਿੱਚ ਵੱਡੀ ਗਿਣਤੀ ਭਾਰਤੀ ਕਾਮਿਆਂ ਦੀ ਹੈ। ਇਸ ਸਮੁੱਚੇ ਕਿੱਤੇ ਵਿੱਚ 85% ਤੋਂ ਉਪਰ ਭਾਰਤੀ ਹਨ। ਇਥੋਂ ਦੇ ਹੋਰਨਾ ਮਜ਼ਦੂਰਾਂ ਵਾਂਗ ਇਹ ਮਜ਼ਦੂਰ ਵੀ ਲੁੱਟ-ਖਸੁੱਟ ਦਾ ਸ਼ਿਕਾਰ ਹਨ। ਇਹ ਲੁੱਟ-ਖਸੁੱਟ ਬਹੁਤੀ ਵਾਰੀ ਕੀਤੀ ਵੀ ਆਪਣੇ ਲੋਕਾਂ ਵਲੋਂ ਹੀ ਜਾਂਦੀ ਹੈ। ਉਂਞ ਤਾ ਇਹ ਕਾਮਿਆਂ (SERVICE EMPLOYES) ਦੀ ਆਪਣੀ ਯੂਨੀਅਨ ਹੈ ਪਰ ਆਪਣੇ ਬਹੁਤੇ ਠੇਕੇਦਾਰ ਆਪਣੇ ਕਾਮਿਆਂ ਨੂੰ ਯੂਨੀ-ਅਨ ਵਿੱਚ ਹੋਣ ਹੀ ਨਹੀਂ ਦਿੰਦੇ। ਉਹ ਆਪਣੇ ਰਿਸ਼ਤੇਦਾਰਾਂ ਜਾਂ ਅਨਪੜ੍ਹ ਕਾਮਿਆਂ ਨੂੰ ਡਰਾ ਧਮਕਾ ਕੇ ਉਨ੍ਹਾਂ ਸਿਰੋਂ ਅਮੀਰ ਬਣਦੇ ਹਨ। ਜਿਹਨਾਂ ਕਾਮਿਆਂ ਦੀਆਂ ਲੋੜਾਂ ਕਰਕੇ ਇਹ ਠੇਕੇਦਾਰ ਅਮੀਰ ਬਣਦੇ ਹਨ। ਬਾਅਦ ਵਿੱਚ ਇਹ ਉਹਨਾਂ ਕਾਮਿਆਂ ਨੂੰ ਬੰਦੇ ਤੱਕ ਨਹੀਂ ਸਮਝਦੇ ਤੇ ਆਪਣੇ ਆਪ ਨੂੰ ਖੁਦਾ ਸਮਝਣ ਦਾ ਭੁਲੇਖਾ ਖਾ ਜਾਂਦੇ ਹਨ। ਪਿਛੇ ਜਿਹੇ ਵੈਨਕੂਵਰ ਵਿੱਚ ਇਕ ਇਹੋ ਜਿਹੇ ਠੇਕੇਦਾਰ ਦੀਆਂ ਕਰਤੂਤਾਂ ਕਾਮਿਆਂ ਨੇ ਬੜੀ ਬੁਰੀ ਤਰ੍ਹਾਂ ਨੰਗੀਆਂ ਕੀਤੀਆਂ। ਉਹ ਠੇਕੇਦਾਰ ਆਪਣੇ ਲੋਕਾਂ ਨੂੰ ਲੁੱਟ ਲੁੱਟ ਕੇ ਲੱਖਪਤੀ ਬਣਿਆ ਹੋਇਆ ਹੈ ਤੇ ਉਹ ਉਹਨੂੰ ਇਸ ਗੱਲ ਦਾ ਭੁਲੇਖਾ ਸੀ ਕਿ ਭਾਰਤੀ ਕਾਮੇ ਉਹਦੇ ਅੱਗੇ ਕੁਸਕ ਨਹੀਂ ਸਕਦੇ। ਇਸੇ ਭੁਲੇਖੇ ਵਿੱਚ ਉਹਨੇ ਕੈਨੇਡਾ ਦੀ ਸਰਕਾਰ ਤੋਂ ਇਕ ਠੇਕਾ ਬਾਕੀ ਠੇਕੇਦਾਰਾਂ ਨਾਲੋਂ ਘੱਟ ਬੋਲੀ ਦੇ ਕੇ ਲੈ ਲਿਆ। ਉਹਦਾ ਖਿਆਲ ਸੀ ਕਿ ਉਹ ਕਾਮਿਆਂ ਤੋਂ ਆਪਣੀ ਮਨਮਰਜ਼ੀ ਦਾ ਕੰਮ ਕਰਾ ਕੇ ਆਪਣੀ ਮਨਮਰਜ਼ੀ ਦੇ ਪੈਸੇ ਦੇਵੇਗਾ ਤੇ ਮੁਨਾਫਾ ਕਮਾ ਲਵੇਗਾ ਪਰ ਹੋਇਆ ਇਸ ਤੋਂ ਉਲਟ। ਉਹਨੇ ਆ ਕੇ ਪਹਿਲਾਂ ਕੰਮ ਕਰਦੇ ਕਾਮਿਆਂ ਨੂੰ ਗੈਰ ਕਨੂੰਨੀ ਤਰੀਕੇ ਨਾਲ ਕੰਮ ਤੋਂ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਉਹਨਾ ਦੀ ਜਗ੍ਹਾ ਆਪਣੇ ਕਾਮੇ ਰੱਖ ਸਕੇ ਜੋ ਯੂਨੀਅਨ ਦੇ ਮੈਂਬਰ ਨਹੀਂ। ਪਰ ਜਦੋਂ ਕੁਝ ਪੜ੍ਹੇ ਲਿਖੇ ਨੌਜਵਾਨਾਂ ਨੇ ਉਹਦਾ ਡੱਟ ਕੇ ਵਿਰੋਧ ਕੀਤਾ ਤਾਂ ਉਹਦੀਆਂ ਸਾਰੀਆਂ ਸਕੀਮਾਂ ਫੇਲ੍ਹ ਹੋ ਗਈਆਂ। ਇਹ ਇਕ ਸ਼ੁਭ ਸ਼ਗਨ ਹੈ ਕਿ ਭਾਰਤੀ ਕਾਮੇ ਭਾਵੇਂ ਉਹ ਫਾਰਮਾਂ ਦਾ ਕੰਮ ਕਰਦੇ ਹੋਣ ਜਾਂ ਸਫਾਈ ਕਰਨ ਦਾ ਉਹ ਆਪਣੇ ਹੱਕਾਂ ਬਾਰੇ ਚੇਤੰਨ ਹੋ ਰਹੇ ਹਨ। ਅਤੇ ਜਥੇਬੰਦਕ ਤੌਰ 'ਤੇ ਹੱਕਾਂ ਦੀ ਰਾਖੀ ਲਈ ਘੋਲ ਕਰ ਰਹੇ ਹਨ। ਜਿਸ ਧਰਤੀ ਤੇ ਪਹਿਲਾਂ ਆਏ ਸਾਡੇ ਕਾਮੇ ਉਹ ਇਤਿਹਾਸ ਵਿੱਚ ਗਦਰੀ ਯੋਧਿਆਂ ਦੇ ਨਾਂ ਨਾਲ ਜਾਣੇ ਜਾਂਦੇ ਹਨ ਉਸ ਧਰਤੀ ਉਪਰ ਕੰਮ ਕਰਦੇ ਭਾਰਤੀਆਂ ਲਈ ਇਸ ਇਨਕਲਾਬੀ ਰਵਾਇਤ ਨੂੰ ਕਾਇਮ ਰੱਖਣਾ ਹੀ ਬਣਦਾ ਹੈ।

o o o o

ਔਰਤਾਂ ਦੇ ਅੰਤਰ-ਰਾਸ਼ਟਰੀ ਦਿਨ 8 ਮਾਰਚ ਨੂੰ ਵੈਨਕੂਵਰ ਦੀ 'ਇੰਡੀਆ ਮਹਿਲਾ ਐਸੋਸੀਏਸ਼ਨ ਵਲੋਂ ਇਕ ਪਬਲਿਕ ਮੀਟਿੰਗ ਕੀਤੀ ਗਈ। ਇਥੋਂ ਦੇ ਭਾਰਤੀ ਭਾਈਚਾਰੇ ਵਿੱਚ ਸ਼ਾਇਦ ਇਹ ਆਪਣੀ ਕਿਸਮ ਦੀ ਪਹਿਲੀ ਮੀਟਿੰਗ ਸੀ ਜਿਸ ਵਿਚ ਔਰਤਾਂ ਨੂੰ ਆਉਂਦੀਆਂ ਤਕਲੀਫਾਂ ਬਾਰੇ ਸੰਜੀਦਾ ਗੱਲਬਾਤ ਹੋਈ ਤੇ ਇਸ ਦਾ ਪ੍ਰਬੰਧ ਔਰਤਾਂ ਵਲੋਂ ਹੀ ਕੀਤਾ ਗਿਆ। ਇਸ ਵਿਚ ਮਧੂ ਵਾਰਸਨੀਏ, ਅਜੀਤ ਸਿੰਘ ਅਣਖੀ, ਸੁਸ਼ਮਾ ਸਰਧਾਨਾ, ਉੱਜਲ ਦੋਸਾਂਝ ਤੇ ਹਰਮਿੰਦਰ ਸੰਘੇੜਾ ਨੇ ਆਪਣੇ ਖਿਆਲ ਪੇਸ਼ ਕੀਤੇ। ਭਾਵੇਂ ਇੱਕ ਦੋ ਬੁਲਾਰਿਆਂ ਵਲੋਂ ਇਥੋਂ ਦੇ ਕਾਮ ਵਰਗ ਦੀਆਂ ਭਾਰਤੀ ਔਰਤਾਂ ਬਾਰੇ ਕੁਝ ਚਰਚਾ ਕੀਤੀ ਗਈ ਪਰ ਮੁੱਖ ਤੌਰ 'ਤੇ ਇਹ ਮੀਟਿੰਗ ਮੱਧ ਵਰਗ ਦੀਆਂ ਔਰਤਾਂ ਦੀਆਂ ਤਕਲੀਫਾਂ ਬਾਰੇ ਹੀ ਚਰਚਾ ਕਰ ਸਕੀ।

ਆਪਣੀ ਗੱਲਬਾਤ ਦੌਰਾਨ ਮਧੂ ਵਾਰਸਨੀਏ ਨੇ ਭਾਰਤ ਵਿਚਲੇ ਵੇਦਾਂ ਦੇ ਯੁਗ ਨੂੰ ਔਰਤਾਂ ਲਈ ਸੁਨਹਿਰੀ ਯੁਗ ਦੱਸਿਆ ਤੇ ਕਿਹਾ ਕਿ ਉਸ ਸਮੇਂ ਦੀ ਔਰਤ ਬਹੁਤ ਚੰਗੇ ਗੁਣਾਂ ਦੀ ਮਾਲਕ ਸੀ ਜਿਸ ਕਰਕੇ ਉਹਨੂੰ ਰੱਬ ਤੋਂ ਦੂਜਾ ਦਰਜਾ ਪ੍ਰਾਪਤ ਸੀ। ਮਧੂ ਅਨੁਸਾਰ ਔਰਤ ਦੇ ਸੁਭਾਅ ਦੀ ਇਹ ਅਮੀਰੀ ਹੀ ਬਾਅਦ ਵਿੱਚ ਉਸਦੀ ਗੁਲਾਮੀ ਦਾ ਕਾਰਨ ਬਣੀ ਕਿਉਂਕਿ ਆਦਮੀ ਨੇ ਉਹਦੇ ਗੁਣਾਂ ਨੂੰ ਉਹਦੀਆਂ ਕਮਜ਼ੋਰੀਆਂ ਸਮਝਣਾ ਸ਼ੁਰੂ ਕਰ ਦਿੱਤਾ। ਅਜੀਤ ਸਿੰਘ ਅਣਖੀ ਦੀ ਗੱਲਬਾਤ ਬਹੁਤ ਜਜ਼ਬਾਤੀ ਸੀ - ਕਵਿਤਾ ਵਰਗੀ। ਭਾਵੇਂ ਅਜੀਤ ਤੇ ਅਣਖੀ ਨੇ ਸਭ ਕਾਸੇ ਦਾ ਹੱਲ ਸਮਾਜਵਾਦ ਦੱਸਿਆ ਪਰ ਇਸ ਸਿੱਟੇ ਤੇ ਪਹੁੰਚਣ ਲਈ ਆਪਣੀ ਗੱਲਬਾਤ ਦੌਰਾਨ ਕੋਈ ਗੰਭੀਰ ਆਰਥਿਕ ਜਾਂ ਸਮਾਜਿਕ ਵਿਸ਼-ਲੇਸ਼ਣ ਨਹੀਂ ਪੇਸ਼ ਕੀਤਾ। ਉੱਜਲ ਦੋਸਾਂਝ ਦੀ ਗੱਲਬਾਤ ਮੁੱਖ ਤੌਰ ਤੇ ਕਨੂੰਨੀ ਨੁਕਤੇ ਤੋਂ ਸੀ ਪਰ ਨਾਲ ਹੀ ਉਹਨੇ ਦੱਸਿਆ ਕਿ ਵੱਖ ਵੱਖ ਵਰਗ ਦੀਆਂ ਔਰਤਾਂ ਦੀਆਂ ਤਕਲੀਫਾਂ ਵੱਖੋ ਵਖਰੀਆਂ ਹਨ। ਔਰਤਾਂ ਵਿਚੋਂ ਸੁਸ਼ਮਾਂ ਸਰਧਾਨਾ ਦਾ ਸੁਰ ਬਹੁਤ ਤਿੱਖਾ ਸੀ ਜਿਹਨਾ ਕਿ ਇਧਰ ਪੱਛਮ ਵਿੱਚ ਔਰਤਾਂ ਵਲੋਂ ਆਦਮੀ ਦੀ ਚੌਧਰ ਵਿਰੁੱਧ ਚਲਾਏ ਜਾ ਰਹੇ ਸੰਘਰਸ਼ ਦੀਆਂ ਲੀਹਾਂ ਉਪਰ ਸੀ ਪਰ ਉਹ ਆਪਣੀ ਗੱਲਬਾਤ ਨੂੰ ਭਾਰਤੀ ਔਰਤਾਂ ਦੀਆਂ ਤਕਲੀਫਾਂ ਨਾਲ ਪੂਰੀ ਤਰ੍ਹਾਂ ਜੋੜ ਨਹੀਂ ਸਕੀ।

ਕਨੇਡਾ ਵਿਚਲੀਆਂ ਭਾਰਤੀ ਔਰਤਾਂ ਨੂੰ ਨਵੇਂ ਮਾਹੌਲ ਤੇ ਨਵੀਆਂ ਆਰਥਿਕ

(ਬਾਕੀ ਸਫਾ 15 ਤੇ)

# ਮੈਂ ਨਾਸਤਿਕ ਕਿਉਂ ਹਾਂ

ਭਗਤ ਸਿੰਘ

ਭਾਰਤ ਦੇ ਮਹਿਬੂਬ ਸ਼ਹੀਦ ਸਰਦਾਰ ਭਗਤ ਸਿੰਘ ਦਾ ਲਿਖਿਆ ਇਹ ਲੇਖ ਸ਼ਾਇਦ ਪਾਠਕਾਂ ਨੇ ਪਹਿਲਾਂ ਵੀ ਪੜ੍ਹਿਆ ਹੋਵੇ। ਇਸ ਨੂੰ ਬਾਰ ਬਾਰ ਪੜ੍ਹਨਾ ਇਸ ਲਈ ਜ਼ਰੂਰੀ ਹੈ ਕਿ ਇਹ ਲੇਖ ਭਗਤ ਸਿੰਘ ਬਾਰੇ ਸਾਨੂੰ ਸਹੀ ਜਾਣਕਾਰੀ ਦਿੰਦਾ ਹੈ। ਜਦੋਂ ਅਸੀਂ ਭਗਤ ਸਿੰਘ ਦੇ ਨਾਂ ਤੇ ਗੁਰਦੁਆਰਿਆਂ ਵਿੱਚ ਅਖੰਡਪਾਠ ਹੁੰਦੇ ਸੁਣਦੇ ਹਾਂ ਜਾਂ ਇਹੋ ਜਿਹੇ ਲੇਖ ਪੜ੍ਹਦੇ ਹਾਂ ਜਿਹਦੇ ਵਿੱਚ ਉਹਦੀ ਕੁਰਬਾਨੀ ਦਾ ਕਾਰਨ ਉਹਦੇ ਧਾਰਮਿਕ ਹੋਣਾ ਸਿੱਧ ਕੀਤਾ ਹੁੰਦਾ ਹੈ ਤਾਂ ਇਸ ਗੱਲ ਦਾ ਡਰ ਲੱਗਣ ਲੱਗਦਾ ਹੈ ਕਿ ਕਿਤੇ ਸ਼ਹੀਦ ਦੀ ਗਲਤ ਤਸਵੀਰ ਲੋਕਾਂ ਦੇ ਮਨਾਂ ਵਿੱਚ ਨਾ ਬੈਠ ਜਾਵੇ

ਸੰਪਾਦਕ



ਸ਼ਹੀਦ ਭਗਤ ਸਿੰਘ

ਨਵੀਂ ਸਮੱਸਿਆ ਖੜੀ ਹੋ ਗਈ ਹੈ : ਕੀ ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਸਰਬ ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰਾ ਅਵਿਸ਼ਵਾਸ ਮੇਰੇ ਅਹੰਕਾਰ ਕਰਕੇ ਹੈ ? ਮੈਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਨੂੰ ਕਿਸੇ ਵੇਲੇ ਇਹੋ ਜੇਹੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ। ਆਪਣੇ ਕੁਝ ਦੋਸਤਾਂ ਨਾਲ ਗੱਲ ਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਜੇ ਦੋਸਤੀ ਦਾ ਇਹ ਮੇਰਾ ਦਾਅਵਾ ਗ਼ਲਤ ਨਾ ਹੋਵੇ) ਨੇ ਮੇਰੇ ਨਾਲ ਥੋਹੜੇ ਜਿਹੇ ਮੇਲਜੋਲ ਮਗਰੋਂ ਹੀ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਣ ਹੈ। ਫਿਰ ਵੀ ਸਮੱਸਿਆ ਤਾਂ ਗੰਭੀਰ ਹੀ ਹੈ। ਇਨ੍ਹਾਂ ਇਨਸਾਨੀ ਵਤੀਰਿਆਂ ਤੋਂ ਉਪਰ ਹੋਣ ਦਾ ਮੈਂ ਦਾਅਵਾ ਨਹੀਂ ਕਰਦਾ। ਮੈਂ ਵੀ ਆਖਰ ਇਨਸਾਨ ਹਾਂ, ਇਸ ਤੋਂ ਵੱਧ ਕੁਝ ਨਹੀਂ। ਤੇ ਨਾ ਹੀ ਕੋਈ ਇਸ ਤੋਂ ਵੱਧ ਹੋਣ ਦਾ ਦਾਅਵਾ ਕਰ ਸਕਦਾ ਹੈ। ਮੇਰੇ ਵਿਚ ਵੀ ਇਹ ਕਮਜ਼ੋਰੀ ਹੈ। ਅਹੰਕਾਰ ਮੇਰੇ ਸੁਭਾਅ ਦਾ ਅੰਗ ਹੈ। ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰਕੇ ਜਾਣਿਆ ਜਾਂਦਾ ਸਾਂ। ਏਥੋਂ ਤਕ ਕਿ ਮੇਰਾ ਦੋਸਤ ਬੀ. ਕੇ. ਦੱਤ ਕਦੀ ਕਦੀ ਮੈਨੂੰ ਤਾਨਾਸ਼ਾਹ ਕਹਿੰਦਾ ਹੁੰਦਾ ਸੀ। ਕਈ ਮੌਕਿਆਂ ਉਤੇ ਮੈਨੂੰ ਹੈਂਕੜਬਾਜ਼ ਵੀ ਕਿਹਾ ਗਿਆ। ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ 'ਤੇ ਆਪਣੀ ਰਾਏ ਮੜ੍ਹਦਾ ਹਾਂ ਅਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ। ਮੈਂ ਇਨਕਾਰ ਨਹੀਂ ਕਰਦਾ ਕਿ ਇਹ ਗੱਲ ਕਿਸੇ ਹੱਦ ਤਕ ਸਹੀ ਹੈ। ਇਸ ਨੂੰ ਅਹੰਵਾਦ ਵੀ ਕਿਹਾ ਜਾ ਸਕਦਾ ਹੈ। ਜਿਥੋਂ ਤਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਹਾਂ, ਪਰ ਇਹ ਜ਼ਾਤੀ ਗੱਲ ਨਹੀਂ। ਇਹ ਮਾਣ ਵਾਲੀ ਗੱਲ ਹੈ, ਇਸ ਨੂੰ ਅਹੰਕਾਰ ਨਹੀਂ ਕਿਹਾ ਜਾ ਸਕਦਾ। ਅਭਿਮਾਨ, ਜਾਂ ਕਹਿ ਲਓ ਅਹੰਕਾਰ ਕਿਸੇ ਮਨੁਖ ਵਿਚ ਲੋੜੋਂ ਵੱਧ ਮਾਣ ਦਾ ਪ੍ਰਗਟਾਵਾ ਹੁੰਦਾ ਹੈ। ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆ ਹਾਂ ?— ਇਹ ਸਵਾਲ ਹੈ, ਜਿਸ ਬਾਰੇ ਮੈਂ ਇਥੇ ਚਰਚਾ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਇਹ ਨਬੇੜਾ ਕਰ ਲਈਏ ਕਿ ਅਭਿਮਾਨ ਤੇ ਅਹੰਕਾਰ ਦੋ ਅਲੱਗ ਅਲੱਗ ਗੱਲਾਂ ਹੁੰਦੀਆਂ ਹਨ।

ਮੈਨੂੰ ਇਸ ਗੱਲ ਦੀ ਹੁਣ ਤਕ ਸਮਝ ਨਹੀਂ ਆਈ ਕਿ ਬੇਲੋੜਾ ਮਾਣ ਜਾਂ ਫੋਕਾ ਅਭਿਮਾਨ ਮਨੁੱਖ ਲਈ ਆਸਤਕਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦੇ ਹਨ। ਮੈਂ ਕਿਸੇ ਸੁੱਚੀ-ਮੁੱਚੀ ਦੇ ਮਹਾਨ ਵਿਅਕਤੀ ਦੀ ਮਹਾਨਤਾ ਤੋਂ ਮੁਨਕਰ ਹੋ ਸਕਦਾ ਹਾਂ, ਬਸ਼ਰਤੇ ਕਿ ਮੈਨੂੰ ਐਵੇਂ ਰਾਹ ਜਾਂਦੇ ਹੀ ਸ਼ੁਹਰਤ ਹੱਥ ਲੱਗ ਗਈ ਹੋਵੇ ਜਾਂ ਮਹਾਨ ਹੋਣ ਲਈ ਸੱਚੀ-ਮੁੱਚੀ ਲੋੜੀਂਦੇ ਗੁਣ ਹੀ ਮੇਰੇ ਵਿਚ ਨਾ ਹੋਣ। ਇਹ ਗੱਲ ਸਮਝ ਪੈਂਦੀ ਹੈ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਆਸਤਕ ਆਪਣੇ ਅਹੰਕਾਰ ਕਰਕੇ ਨਾਸਤਕ ਹੋ ਜਾਵੇ। ਸਿਰਫ਼ ਦੋ ਗੱਲਾਂ ਹੋ ਸਕਦੀਆਂ ਹਨ : ਜਾਂ ਤਾਂ ਮਨੁੱਖ ਖੁਦ ਨੂੰ ਖੁਦਾ ਦਾ ਰਕੀਬ ਸਮਝਣਾ ਸ਼ੁਰੂ ਕਰ ਦਏ ਜਾਂ ਫਿਰ ਖੁਦ ਹੀ ਖੁਦਾ ਬਣ ਬੈਠੇ। ਦੋਹਾਂ ਹਾਲਤਾਂ ਵਿਚ ਉਹ ਸਹੀ

ਨਾਸਤਕ ਨਹੀਂ ਹੋ ਸਕਦਾ। ਪਹਿਲੀ ਸੂਰਤ ਵਿਚ ਉਹ ਰਕੀਬ ਦੀ ਹੋਂਦ ਤੋਂ ਮੁਨਕਰ ਨਹੀਂ ਹੁੰਦਾ। ਦੂਸਰੀ ਸੂਰਤ ਵਿਚ ਵੀ ਉਹ ਸੁਚੇਤ-ਸੱਤਾ (Being) ਦੀ ਹੋਂਦ ਨੂੰ ਮੰਨਦਾ ਹੈ, ਜੋ ਪਰਦੇ ਪਿੱਛਿਉਂ ਸਾਰੀ ਪ੍ਰਕ੍ਰਿਤੀ ਨੂੰ ਚਲਾ ਰਹੀ ਹੈ। ਇਸ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਕਿ ਉਹ ਖੁਦ ਨੂੰ ਖੁਦਾ ਸਮਝਦਾ ਹੈ ਜਾਂ ਖੁਦਾ ਨੂੰ ਖੁਦ ਤੋਂ ਅਲੱਗ ਕੋਈ ਪਰਮ-ਸੱਤਾ ਮੰਨਦਾ ਹੈ। ਅਸਲ ਨੁਕਤਾ ਇਹ ਹੈ। ਦੋਹਾਂ ਹਾਲਤਾਂ ਵਿਚ ਉਹਦਾ ਰੱਬ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਉਹ ਕਿਸੇ ਤਰ੍ਹਾਂ ਵੀ ਨਾਸਤਕ ਨਹੀਂ। ਇਹੋ ਮੈਂ ਆਖਣਾ ਚਾਹੁੰਦਾ ਹਾਂ। ਮੈਂ ਉਪਰਲੀਆਂ ਦੋਹਾਂ ਕਿਸਮਾਂ ਵਿਚ ਨਹੀਂ ਆਉਂਦਾ। ਮੈਂ ਤਾਂ ਕਿਸੇ ਵੀ ਸਰਬ ਸ਼ਕਤੀਮਾਨ ਜਾਂ ਸਰਵੋਪਰੀ-ਸੱਤਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ। ਇੰਜ ਕਿਉਂ ਹੈ, ਮੈਂ ਇਹਦੇ ਬਾਰੇ ਅੱਗੇ ਚਲ ਕੇ ਵਿਚਾਰ-ਚਰਚਾ ਕਰਾਂਗਾ। ਇਥੇ ਮੈਂ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਹੰਕਾਰ ਕਾਰਣ ਨਾਸਤਕਤਾ ਦੇ ਸਿਧਾਂਤ ਦਾ ਧਾਰਨੀ ਨਹੀਂ ਹੋਇਆ। ਨਾ ਤਾਂ ਮੈਂ ਖੁਦਾ ਦਾ ਰਕੀਬ ਹਾਂ, ਨਾ ਕੋਈ ਰੱਬੀ ਅਵਤਾਰ ਤੇ ਨਾ ਹੀ ਆਪ ਪਰਮਾਤਮਾ ਹਾਂ। ਇਕ ਗੱਲ ਤਾਂ ਪੱਕੀ ਹੈ ਕਿ ਅਹੰਕਾਰ ਕਾਰਣ ਮੈਂ ਇਹ ਸੋਚਣੀ ਨਹੀਂ ਅਪਣਾਈ। ਇਸ ਇਲਜ਼ਾਮ ਦਾ ਜਵਾਬ ਦੇਣ ਲਈ ਮੈਂ ਤੱਥ ਬਿਆਨ ਕਰਦਾ ਹਾਂ। ਮੇਰੇ ਦੋਸਤ ਕਹਿੰਦੇ ਹਨ ਕਿ ਦਿੱਲੀ ਬੰਬ ਤੇ ਲਾਹੌਰ ਸਾਜਸ਼ ਕੇਸਾਂ ਦੌਰਾਨ ਮੈਨੂੰ ਜਿਹੜੀ ਬੇਲੋੜੀ ਸ਼ੁਹਰਤ ਮਿਲੀ, ਉਸ ਕਾਰਣ ਮੇਰੇ ਵਿਚ ਫੋਕੀ ਸ਼ਾਨ ਆ ਗਈ ਹੈ। ਆਓ, ਆਪਾਂ ਦੇਖੀਏ ਕਿ ਉਨ੍ਹਾਂ ਦੇ ਕਥਨ ਕਿਥੋਂ ਤਕ ਠੀਕ ਹਨ। ਪਿਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਣ ਮੈਂ ਨਾਸਤਕ ਨਹੀਂ ਹੋਇਆ। ਮੈਂ ਤਾਂ ਓਦੋਂ ਹੀ ਰੱਬ ਨੂੰ ਮੰਨਣੋਂ ਹਟ ਗਿਆ ਸੀ, ਜਦ ਮੈਂ ਨਾਮਾਲੂਮ ਨੌਜਵਾਨ ਸੀ, ਜਦ ਮੇਰੇ ਉਪਰੋਕਤ ਦੋਸਤ ਰੱਬ ਦੀ ਹੋਂਦ ਤੋਂ ਸੁਚੇਤ ਵੀ ਨਹੀਂ ਸਨ। ਘਟੋ ਘਟ ਕਾਲਜ ਦਾ ਕੋਈ ਵਿਦਿਆਰਥੀ ਏਨਾ ਅਭਿਮਾਨੀ ਨਹੀਂ ਹੋ ਸਕਦਾ ਕਿ ਉਹ ਨਾਸਤਕ ਹੋ ਜਾਏ। ਭਾਵੇਂ ਕੁਝ ਪ੍ਰੋਫੈਸਰ ਮੈਨੂੰ ਪਸੰਦ ਕਰਦੇ ਸਨ ਤੇ ਕੁਝ ਨਾਪਸੰਦ, ਪਰ ਮੈਂ ਕਦੇ ਵੀ ਮਿਹਨਤੀ ਮੁੰਡਾ ਨਹੀਂ ਸੀ। ਅਹੰਕਾਰ ਵਰਗੇ ਵਿਚਾਰ ਰਖਣ ਦਾ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ। ਮੈਂ ਬਹੁਤ ਸੰਗਾਊ ਸੁਭਾਅ ਵਾਲਾ ਤੇ ਭਵਿੱਖ ਬਾਰੇ ਉਲਝਿਆ ਰਹਿਣ ਵਾਲਾ ਮੁੰਡਾ ਸੀ। ਤੇ ਉਨ੍ਹਾਂ ਦਿਨਾਂ ਵਿਚ ਮੈਂ ਪੱਕਾ ਨਾਸਤਕ ਨਹੀਂ ਸੀ। ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ.ਏ.ਵੀ. ਸਕੂਲ ਵਿਚ ਦਾਖਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਓਥੇ ਸਵੇਰ ਤੇ ਤ੍ਰਿਕਾਲ-ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ-ਬੱਧੀ ਗਾਇਤ੍ਰੀ ਮੰਤ੍ਰ ਦਾ ਜਾਪ ਕਰਦਾ ਹੁੰਦਾ ਸੀ। ਮੈਂ ਉਹਨਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਨਾਸਤਕ ਨਹੀਂ ਹਨ। ਉਹਨਾਂ ਦਾ ਰੱਬ ਵਿਚ ਪੱਕਾ ਅਕੀਦਾ ਹੈ। ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ ਮੇਰੀ ਪਰਵਰਿਸ਼ ਏਸ ਢੰਗ ਨਾਲ ਹੋਈ। ਨਾਮਿਲਵਰਤਣ ਦੇ ਦਿਨਾਂ ਦੌਰਾਨ ਮੈਂ ਨੈਸ਼ਨਲ ਕਾਲਜ ਵਿਚ ਦਾਖ਼ਲ ਹੋ ਗਿਆ। ਓਥੇ ਹੀ ਮੈਂ ਸਾਰੀਆਂ ਧਾਰਮਕ ਸਮੱਸਿਆਵਾਂ ਬਾਰੇ, ਇਥੋਂ ਤਕ ਕਿ ਰੱਬ ਬਾਰੇ ਵੀ ਖੁਲ੍ਹੇ ਤੌਰ ਤੇ ਸੋਚਣਾ ਤੇ ਇਨ੍ਹਾਂ ਬਾਰੇ ਵਿਚਾਰ-ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਪਰ ਮੇਰਾ ਓਦੋਂ ਵੀ ਰੱਬ ਵਿਚ ਪੱਕਾ ਵਿਸ਼ਵਾਸ ਸੀ। ਓਦੋਂ ਮੈਂ ਦਾੜ੍ਹੀ-ਕੇਸ ਰੱਖ ਲਏ ਸੀ, ਪਰ ਤਾਂ ਵੀ ਮੈਂ ਸਿਖੀ ਦੇ ਮਿਥਿਹਾਸ ਜਾਂ ਸਿਧਾਂਤ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਾ ਕਰ ਸਕਿਆ। ਪਰ ਰੱਬ ਦੀ ਹੋਂਦ ਵਿਚ ਮੇਰਾ ਪੱਕਾ ਵਿਸ਼ਵਾਸ ਸੀ।

ਫੇਰ ਮੈਂ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਗਿਆ। ਮੈਂ ਜਿਸ

# ਬਰਫ਼ ਦੇ ਆਦਮੀ

ਕੇ. ਸੀ. ਮੋਹਨ (ਲੰਡਨ)

ਉਦੋਂ ਸ਼ੁਰੂ
ਉਹ ਹਰ ਹਫ਼ਤੇ
ਪਿਆਰ ਭਿੱਜੇ ਲੰਬੇ ਲੰਬੇ ਖ਼ੱਤ ਲਿਖਿਆ ਕਰਦੇ ਸਨ
ਪਰ ਹੁਣ ਮੇਰੇ ਪਿੰਡੋਂ
ਅਜਿਹੀ ਕੋਈ ਚਿੱਠੀ ਨਹੀਂ ਆਉਂਦੀ
ਜਿਸ ਵਿੱਚ ਲਿਖਿਆ ਹੋਵੇ
ਪਿੰਡ ਦੀ ਪੰਚਾਇਤ ਫਿਰ ਸਰਬ ਸੰਮਤੀ ਨਾਲ ਚੁਣ
ਲਈ ਗਈ ਹੈ
ਰੱਜੋ ਦੇ ਵਿਆਹ ਤੇ ਆਏ ਕੁਲ ਰਿਸ਼ਤੇਦਾਰ ਗੁੱਸੇ
ਗਿੱਲੇ ਹੋ ਗਏ ਸਨ
ਪਰ ਉਸ ਨੂੰ ਸਹੁਰੇ ਸਾਊ ਮਿਲ ਗਏ ਨੇ
ਭੋਲਾ ਮੌਲਵੀ ਕਰਕੇ ਰੁਜ਼ਗਾਰ ਦਫ਼ਤਰ ਵਿੱਚ ਨਾਮ
ਲਿਖਦਾ ਆਇਐ
ਭਿਊਰਾਂ ਦੇ ਪੀਤੇ ਤੇ ਅਫ਼ੀਮ ਦਾ ਕੇਸ ਬਣ ਗਿਐ
ਪਿੰਡ ਨੂੰ ਸ਼ਹਿਰ ਨਾਲ ਮਿਲਾਉਣ ਵਾਲੀ ਸੜਕ
ਲਈ ਸੁੱਟੇ ਰੋੜੇ ਖਾਈਆਂ 'ਚ ਜਾ ਵੜੇ ਨੇ
ਮਨਿਸਟਰ ਨੂੰ ਲਿਖੀ ਚਿੱਠੀ ਦਾ ਕੋਈ ਥਹੁ ਪਤਾ ਨਹੀਂ ਚਲਿਆ
ਜੈਲਦਾਰ ਦੇ ਮੁੰਡੇ ਨੇ
ਦੀਨੇ ਦੀ ਕੁੜੀ ਦੀ ਵੀ ਪੱਤ ਲੁੱਟ ਲਈ ਹੈ
ਨਵਾਂ ਪਟਵਾਰੀ ਨੰਬਰ ਦੇਣ ਵੇਲੇ
ਪੈਸਿਆਂ ਦਾ ਉਧਾਰ ਵੀ ਕਰ ਲੈਂਦੈ
ਇੱਥੇ ਵਾਲੀ ਕਣਕ
ਬਿਜਲੀ ਦੀ ਕਟੌਤੀ ਦੀ ਭੇਟ ਹੋ ਗਈ ਹੈ
ਨਵੀਂ ਸਕੂਲ ਦੇ ਨੀਂਹ ਪੱਥਰ ਵਿਚੋਂ
ਨਿਆਣੇ ਸਿੱਕਾ ਕੱਢ ਕੇ ਲੈ ਗਏ ਨੇ
ਨਾਹਰੇ ਦੇ ਦੋਵੇਂ ਮੁੰਡੇ
ਕਤਲ ਕੇਸ ਵਿਚੋਂ ਬਰੀ ਹੋ ਗਏ ਨੇ
ਤੇ ਹਰ ਸ਼ਾਮ ਗੁੱਟ ਹੋਏ ਬੱਕਰੇ ਬੁਲਾਉਂਦੇ ਨੇ
ਚੀਨੀ ਦਾ ਕੋਟਾ ਦੋ ਸੌ ਗਰਾਮ ਪ੍ਰਤੀ ਜੀਅ ਵਧ ਗਿਐ
ਬਾਬੇ ਤੋਂ ਹੁਣ ਤੁਰਿਆ ਫਿਰਿਆ ਵੀ ਨਹੀਂ ਜਾਂਦਾ
ਮਾਂ ਦੀ ਸਿਹਤ ਵੀ ਖ਼ਰਾਬ ਰਹਿੰਦੀ ਜਾ ਰਹੀ ਹੈ
ਬਾਪੂ ਨੂੰ ਤੀਜੀ ਵਾਰ ਮਲੇਰੀਆ ਹੋ ਗਿਐ
ਹੁਣ ਮੇਰੇ ਪਿੰਡੋਂ ਅਜਿਹੀ ਕੋਈ ਚਿੱਠੀ ਨਹੀਂ ਆਉਂਦੀ

ਪਿੰਡ ਦੀ ਜੂਹ ਟੱਪਿਆਂ
ਕਿੰਨੇ ਹੀ ਵਰ੍ਹੇ ਲੰਘ ਗਏ ਨੇ
ਹੁਣ ਮੇਰੇ ਪਿੰਡੋਂ ਕੋਈ ਚਿੱਠੀ ਨਹੀਂ ਆਉਂਦੀ
ਹੁਣ ਤੇ ਕਦੇ ਕਦਾਈਂ ਤਾਰਾਂ ਹੀ ਆਉਂਦੀਆਂ ਨੇ
ਬਾਬਾ ਪੂਰਨ ਮਾਸੀ ਦੀ ਸ਼ਾਮ ਨੂੰ ਦਮ ਤੋੜ ਗਿਐ
ਮਾਂ ਤੈਨੂੰ ਉਡੀਕਦੀ ਅੱਖਾਂ ਮੀਟ ਗਈ ਹੈ
ਬਾਪੂ ਨੂੰ ਮਲੇਰੀਏ ਦਾ ਤੀਜਾ ਹੱਲਾ ਲੈ ਗਿਆ (ਬਾਕੀ ਸਫ਼ਾ [illegible] ਤੇ)

ਪਹਿਲੇ ਆਗੂ ਨੂੰ ਮਿਲਿਆ, ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਹੌਸਲਾ ਤਕ ਨਹੀਂ ਕਰ ਸਕਦਾ ਸੀ, ਭਾਵੇਂ ਉਹ ਇਹਦੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ। ਮੈਂ ਉਹਦੇ ਕੋਲੋਂ ਰੱਬ ਬਾਰੇ ਵਾਰ-ਵਾਰ ਪੁੱਛਣਾ ਤਾਂ ਉਹਨੇ ਆਖ ਛੱਡਣਾ: "ਜਦ ਤੇਰਾ ਦਿਲ ਕਰੇ, ਰੱਬ ਨੂੰ ਧਿਆ ਲਿਆ ਕਰ।" ਨਾਸਤਕਤਾ ਦੇ ਸਿਧਾਂਤ ਨੂੰ ਮੰਨਣ ਲਈ ਜੋ ਹੌਸਲਾ ਚਾਹੀਦਾ ਹੈ, ਇਹ ਉਹ ਹੌਸਲੇ ਤੋਂ ਬਿਨਾਂ ਨਾਸਤਕਤਾ ਹੈ। ਮੈਂ ਜਿਸ ਦੂਜੇ ਆਗੂ ਨੂੰ ਮਿਲਿਆ, ਉਹਦਾ ਰੱਬ ਵਿਚ ਪੱਕਾ ਵਿਸ਼ਵਾਸ ਸੀ। ਮੈਂ ਤੁਹਾਨੂੰ ਉਹਦਾ ਨਾਂ ਦੱਸਦਾਂ—ਮਾਣਯੋਗ ਕਾਮਰੇਡ ਸ਼ਚੀਂਦ੍ਰ ਨਾਥ ਸਾਨਿਆਲ, ਜੋ ਹੁਣ ਕਰਾਚੀ ਸਾਜ਼ਸ਼ ਕੇਸ ਦੇ ਸੰਬੰਧ ਵਿਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਦੀ ਪ੍ਰਸਿੱਧ ਤੇ ਇਕੋ ਇਕ ਕਿਤਾਬ **ਬੰਦੀ ਜੀਵਨ** ਵਿਚ ਪਹਿਲੇ ਸਫ਼ੇ ਤੋਂ ਹੀ ਰੱਬ ਦੀ ਸ਼ਾਨ ਦੀ ਜ਼ੋਰਦਾਰ ਮਹਿਮਾ ਗਾਈ ਗਈ ਹੈ। ਇਸ ਖ਼ੂਬਸੂਰਤ ਕਿਤਾਬ ਦੇ ਦੂਜੇ ਭਾਗ ਦੇ ਆਖ਼ਰੀ ਸਫ਼ੇ ਵਿਚ ਉਹਦੀ ਵੇਦਾਂਤਵਾਦ ਕਾਰਣ ਰੱਬ ਦੀ ਅਧਿਆਤਮਕ ਮਹਿਮਾ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਹੈ। ਇਸਤਗਾਸੇ ਦੀ ਕਹਾਣੀ ਮੁਤਾਬਕ ਜੋ ਇਨਕਲਾਬੀ ਪਰਚਾ 28 ਜਨਵਰੀ 1925 ਨੂੰ ਹਿੰਦੁਸਤਾਨ ਭਰ ਵਿਚ ਵੰਡਿਆ ਗਿਆ ਸੀ ਉਹ ਇਨ੍ਹਾਂ ਦੇ ਦਿਮਾਗ਼ ਦਾ ਸਿੱਟਾ ਸੀ। ਜਿਵੇਂ ਹੁੰਦਾ ਹੀ ਹੈ ਕਿ ਗੁਪਤ ਸਰਗਰਮੀ ਵਿਚ ਕੋਈ ਉੱਘਾ ਆਗੂ ਆਪਣੇ ਵਿਚਾਰ ਪ੍ਰਗਟਾਉਂਦਾ ਹੈ, ਜੋ ਕਿ ਉਹਨੂੰ ਬੜੇ ਪਿਆਰੇ ਹੁੰਦੇ ਹਨ ਅਤੇ ਦੂਜੇ ਕਾਰਕੁਨਾਂ ਨੂੰ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਣੀ ਪੈਂਦੀ ਹੈ।

ਉਸ ਪਰਚੇ ਵਿਚ ਇਕ ਪੂਰਾ ਪੈਰਾ ਸਰਵੇਸ਼ਰ ਤੇ ਉਹਦੀਆਂ ਲੀਲਾਵਾਂ ਬਾਰੇ ਸੀ। ਇਹ ਰਹੱਸਵਾਦ ਹੈ। ਮੈਂ ਆਖਣਾ ਇਹ ਚਾਹੁੰਦਾ ਹਾਂ ਕਿ ਓਦੋਂ ਇਨਕਲਾਬੀ ਪਾਰਟੀ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਵਿਚਾਰ ਪੈਦਾ ਵੀ ਨਹੀਂ ਹੋਇਆ ਸੀ। ਕਾਕੋਰੀ ਦੇ ਉੱਘੇ ਚਾਰ ਸ਼ਹੀਦਾਂ ਨੇ ਆਪਣਾ ਅੰਤਿਮ ਦਿਨ ਪ੍ਰਾਰਥਨਾ/ਦੁਆ ਕਰਦਿਆਂ ਲੰਘਾਇਆ ਸੀ। ਰਾਮ ਪ੍ਰਸ਼ਾਦ ਬਿਸਮਿਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਦੇ ਖੇਤਰ ਵਿਚ ਆਪਣੇ ਡੂੰਘੇ ਅਧਿਅਨ ਦੇ ਬਾਵਜੂਦ ਵੀ ਰਾਜਨ ਲਾਹਿੜੀ ਕੋਲੋਂ ਉਪਨਿਸ਼ਦਾਂ ਦੇ ਮੰਤ੍ਰ ਉਚਾਰਨ ਤੇ ਗੀਤਾ ਦਾ ਪਾਠ ਕਰਨ ਤੋਂ ਰਿਹਾ ਨਾ ਗਿਆ। ਉਨ੍ਹਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ, ਜਿਹਨੇ ਕਦੇ ਵੀ ਪ੍ਰਾਰਥਨਾ ਨਹੀਂ ਕੀਤੀ ਸੀ ਤੇ ਉਹ ਕਿਹਾ ਕਰਦਾ ਸੀ, "(ਧਾਰਮਕ) ਫ਼ਲਸਫ਼ਾ ਮਨੁੱਖੀ ਕਮਜ਼ੋਰੀ ਜਾਂ ਸੀਮਤ ਗਿਆਨ ਦਾ ਸਿੱਟਾ ਹੈ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ। ਪਰ ਇਹਨੂੰ ਵੀ ਕਦੇ ਆਖਣ ਦੀ ਹਿੰਮਤ ਨਾ ਪਈ ਕਿ ਰੱਬ ਨਹੀਂ ਹੈ।

ਉਸ ਅਰਸੇ ਤਕ ਮੈਂ ਸਿਰਫ਼ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤੱਕ ਤਾਂ ਅਜੇ ਸਿਰਫ਼ ਅਨੁਯਾਈ ਹੀ ਸਾਂ। ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਣ ਇਹਦੀ ਹੋਂਦ ਹੀ ਖ਼ਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ—ਨਹੀਂ ਸਗੋਂ ਆਗੂ ਵੀ—ਸਾਡਾ ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫਲਤਾ ਦਾ ਯਕੀਨ ਹੋ ਜਾਏਗਾ। ਇਹ ਮੇਰੇ ਇਨਕਲਾਬੀ-ਜੀਵਨ (ਕੈਰੀਅਰ) ਵਿਚ ਆਇਆ ਵੱਡਾ ਮੋੜ ਸੀ। "ਅਧਿਅਨ ਕਰਨ" ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਅਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ! ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ

ਸਫ਼ਾ 19 ਦੀ ਬਾਕੀ

ਮੈਂ ਤਾਰ ਪੜ੍ਹ ਕੇ
ਸੜਕ ਦੀ ਪਿੰਡ ਵੱਲ ਉਡਾਰੀ ਮਾਰੀ ਹੈ
ਪਿੰਡ ਦੇ ਚੌਕੀਦਾਰ ਕੁੱਤਿਆਂ ਮੇਰਾ ਪਾਸਪੋਰਟ ਮੰਗਿਆ ਹੈ
ਸੱਥ ਵਿੱਚ ਸਣ ਵੱਟਦੇ ਬਜ਼ੁਰਗਾਂ ਵਿੱਚ ਬਾਬਾ
ਨਜ਼ਰ ਨਹੀਂ ਆਇਆ
ਘਰ ਦੀ ਡਿਉਢੀ 'ਚ ਲਟਕੀ
ਬਾਬੇ ਦੀ ਫੋਟੋ ਦੁਆਲੇ ਦੇ ਕਾਗਜ਼ ਦੇ ਫੁੱਲਾਂ ਦਾ
ਰੰਗ ਉੱਡ ਚੁੱਕਿਐ
ਖੂੰਜੇ 'ਚ ਲੱਗਾ ਬਾਬੇ ਦਾ ਖੂੰਡਾ ਮੈਨੂੰ ਘੂਰੀਆਂ ਵੱਟਦਾ ਹੈ
ਵਿਹੜੇ ਵਿਚੋਂ ਮਾਂ ਦੀ ਪੀੜ੍ਹੀ ਚੁੱਕ ਦਿੱਤੀ ਗਈ ਹੈ
ਪਰ ਸਬਾਤ ਵਿਚੋਂ ਉਸਦੀ ਖਾਂਸੀ ਦੀ ਅਵਾਜ਼ ਦਾ
ਭੁਲੇਖਾ ਬਾਕੀ ਹੈ
ਨਾਨੂੰ ਵਾਲੇ ਖੂਹ ਤੋਂ
ਮੋਢੇ ਚੁੱਕ ਖਿਡਾਉਣ ਵਾਲਾ ਬਾਪੂ
ਪਤਾ ਨਹੀਂ ਕਿਥੇ ਗੁੰਮ ਹੋ ਗਿਐ
ਮੈਨੂੰ ਜੇਬ ਵਾਲੇ ਪੌਂਡ ਕਾਗਜ਼ ਲਗਦੇ ਨੇ
ਤੇ ਮੈਂ
ਮਾਰਕਸ ਐਂਡ ਸਪੈਂਸਰ ਦੇ ਨੀਲੇ ਸੂਟ ਵਿੱਚ
ਬਰਫ਼ ਬਣ ਗਿਆ ਹਾਂ।

—o—

## ਗੀਤ

ਦੇਵ ਰਾਉਕੇ

ਮਾਏ ਨੀ ਮਾਏ! ਮੇਰੇ ਦਿਲ ਦੀਏ ਸਾਂਝੇ ਨੀ,
ਨ੍ਹੇਰ ਕਿੱਡਾ ਪੈ ਨੀ ਗਿਆ।
ਹੱਕ ਦੀ ਮੈਂ ਗੱਲ ਕੀਤੀ ਜਦੋਂ ਦੀ ਸਹੇਲੀਆਂ 'ਚ
ਲੋਟੂ ਟੋਲਾ ਵੈਰ ਨੀ ਪਿਆ।
ਅਸਾਂ ਮਸਾਂ ਭਾਰ ਹੌਲਾ ਕੀਤਾ ਸੀ ਵਿਹਾਕੇ ਮੈਨੂੰ,
ਸੁੱਖ ਨੀ ਮੈਂ ਪਾਇਆ ਨਾ ਰਤਾ।
ਸੌਹਰੇ ਕਹਿਣ ਧਰੀ ਨਾ ਨੀ ਮੋਹਰ ਤੇਰੇ ਮਾਪਿਆਂ ਨੇ,
ਮਾਪਿਆਂ ਤੇ ਮੋਹਰ ਤੂੰ ਲਿਆ।
ਦੁੱਭਰ ਕੀਤਾ ਜੀਣਾ ਮੇਰਾ ਚੰਦਰੇ ਸਮਾਜ ਨੇ ਨੀ,
ਲੂੰ ਲੂੰ ਮੇਰਾ ਪਾਟਿਆ ਪਿਆ।
ਚੰਦਰੇ ਰਿਵਾਜ ਇਸ ਚੰਦਰੇ ਸਮਾਜ ਦੇ ਨੀ
ਜੱਗ ਦੇਣ ਸੂਲੀ ਲਟਕਾ।
ਲਾਮ ਬੰਦ ਕਰਕੇ ਸਹੇਲੀਆਂ ਨੂੰ ਮੈਂ ਤਾਂ ਮਾਏ,
ਦੇਸ਼ ਲੈਣਾ ਲੁੱਟ ਤੋਂ ਬਚਾ।
ਮਹਿੰਦੀ ਵਾਲੇ ਹੱਥਾਂ ਨਾਲ ਪੱਕੜਾਂ ਦੀ ਹਿੱਕ ਭੰਨੂ,
ਵੀਰਾਂ ਦਾ ਮੈਂ ਲਊਂ ਬਦਲਾ।
ਜ਼ਾਲਮਾਂ ਖ਼ਿਲਾਫ਼ ਤਲਵਾਰ ਪਊ ਚੁੱਕਣੀ ਨੀ,
ਸਮਾਂ ਹੁਣ ਗਿਆ ਨੀ ਮਾਏ ਆ।
ਕਰੂਏ ਤੋਂ ਵਰਤਾਂ ਤੇ ਤੇਗੀ ਤਲਵਾਰ ਮਾਏ,
ਸੂਟਾ ਦਾ ਰਿਵਾਜ ਨੀ ਗਿਆ।
ਚਿੱਤ ਕਰੇ ਮੇਰਾ ਮਾਏ ਇਹਨਾਂ ਪੂੰਜੀਵਾਦੀਆਂ ਦੇ,
ਸੀਸ ਦੇਵਾਂ ਧੜ ਤੋਂ ਉਡਾ।
ਜੱਥੇਬੰਦ ਹੋਣੇ ਤੋਂ ਬਗੈਰ ਮੇਰੀ ਅੰਮੀਏ,
ਹੱਲ ਨਈਂਓ ਹੋਣਾ ਮਸਲਾ।

ਸਾਡਾ ਸਿਧਾਂਤ ਹੋ ਗਿਆ। ਸਖਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ: ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫ਼ੀ ਆਖ ਚੁੱਕਾ ਹਾਂ। ਸਭ ਤੋਂ ਅਹਿਮ ਇਹ ਗੱਲ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ, ਉਹਦਾ ਸਪਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖ਼ਾਸ ਸਰਗਰਮੀਆਂ ਨਹੀਂ ਹੋ ਰਹੀਆਂ ਸਨ, ਇਸ ਲਈ ਮੈਨੂੰ ਸੰਸਾਰ-ਇਨਕਲਾਬ ਦੇ ਵੱਖ-ਵੱਖ ਆਦਰਸ਼ਾਂ ਦੇ ਅਧਿਐਨ ਵਾਸਤੇ ਕਾਫ਼ੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ* ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ** ਤੇ ਆਪਣੇ ਦੇਸ਼ਾਂ ਵਿਚ ਸਫਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ। ਇਹ ਸਾਰੇ ਨਾਸ਼ਤਕ ਸਨ। ਬਾਕੂਨਿਨ** ਦੀ ਕਿਤਾਬ **ਗੌਡ ਐਂਡ ਸਟੇਟ** (ਰੱਬ ਤੇ ਰਿਆਸਤਾਂ) ਭਾਵੇਂ ਅਧੂਰੀ-ਜਿਹੀ ਹੈ, ਪਰ ਇਹ ਇਸ ਵਿਸ਼ੇ ਦਾ ਦਿਲਚਸਪ ਅਧਿਅਨ ਹੈ। ਇਸ ਤੋਂ ਮਗਰੋਂ ਮੈਨੂੰ ਨਿਰਲੰਬ ਸਵਾਮੀ ਦੀ ਲਿਖੀ ਕਿਤਾਬ **ਕੌਮਨ ਸੈਂਸ** (ਸਾਧਾਰਣ ਗਿਆਨ) ਹੱਥ ਲੱਗੀ। ਇਸ ਕਿਤਾਬ ਵਿਚ ਅਧਿਆਤਮਕ ਨਾਸਤਕਵਾਦ ਸੀ। ਇਸ ਵਿਸ਼ੇ ਵਿਚ ਮੇਰੀ ਬਹੁਤ ਜ਼ਿਆਦਾ ਦਿਲਚਸਪੀ ਹੋ ਗਈ। 1926 ਦੇ ਅਖ਼ੀਰ ਤਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਚੁੱਕਾ ਸੀ ਕਿ ਬ੍ਰਹਮੰਡ ਦੇ ਸਿਰਜਨ, ਪਾਲਣਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਮੈਂ ਐਲਾਨੀਆਂ ਨਾਸਤਕ ਹੋ ਚੁੱਕਾ ਸੀ। ਪਰ ਨਾਸਤਕ ਹੋਣ ਦਾ ਅਰਥ ਮੈਂ ਹੇਠਾਂ ਬਿਆਨ ਕਰਦਾ ਹਾਂ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫ਼ਤਾਰ ਹੋਇਆ। ਮੇਰੀ ਗ੍ਰਿਫ਼ਤਾਰੀ ਮੇਰੇ ਲਈ ਬੜੀ ਹੈਰਾਨੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਸ ਮੇਰੇ ਪਿਛੇ ਲੱਗੀ ਹੋਈ ਹੈ। ਜਦ ਮੈਂ ਕਿਸੇ ਬਾਗ਼ ਵਿਚ ਦੀ ਲੰਘ ਰਿਹਾ ਸੀ ਤਾਂ ਅਚਾਨਕ ਮੈਂ ਕੀ ਦੇਖਿਆ ਕਿ ਪੁਲਸ ਨੇ ਮੈਨੂੰ ਘੇਰਿਆ ਹੋਇਆ ਹੈ। ਮੈਨੂੰ ਆਪ ਹੈਰਾਨੀ ਹੁੰਦੀ ਹੈ, ਕਿ ਮੈਂ ਉਦੋਂ ਬਹੁਤ ਤਹੱਮਲ ਨਾਲ ਪੇਸ਼ ਆਇਆ ਸੀ। ਮੈਨੂੰ ਕੋਈ ਘਬਰਾਹਟ ਨਾ ਹੋਈ ਤੇ ਨਾ ਹੀ ਮੈਂ ਉਤੇਜਿਤ ਹੋਇਆ। ਮੈਨੂੰ ਪੁਲਸ ਹਿਰਾਸਤ ਵਿਚ ਲਿਆ ਗਿਆ। ਅਗਲੇ ਦਿਨ ਉਹ ਮੈਨੂੰ ਰੇਲਵੇ ਪੁਲਸ ਜੇਲ ਵਿਚ ਲੈ ਗਏ, ਜਿਥੇ ਮੈਂ ਪੂਰਾ ਮਹੀਨਾ ਕੱਟਿਆ। ਪੁਲਸ ਅਫ਼ਸਰਾਂ ਨਾਲ ਕਿੰਨੇ ਦਿਨਾਂ ਦੀ ਗੱਲਬਾਤ ਮਗਰੋਂ ਮੈਂ ਅੰਦਾਜ਼ਾ ਲਾਇਆ ਕਿ ਉਨ੍ਹਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸੰਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸੰਬੰਧਤ ਮੇਰੀਆਂ ਹੋਰ ਸਰਗਰਮੀਆਂ ਬਾਰੇ ਕੁਝ ਜਾਣਕਾਰੀ ਹੈ। ਉਨ੍ਹਾਂ ਨੇ ਮੈਨੂੰ ਦਸਿਆ ਕਿ (ਕਾਕੋਰੀ) ਮੁਕੱਦਮੇ ਦੀ ਸਮਾਇਤ ਦੌਰਾਨ ਮੈਂ ਲਖਨਊ ਵਿਚ ਸੀ, ਕਿ ਮੈਂ ਉਨ੍ਹਾਂ ਨਾਲ (ਕਾਕੋਰੀ ਮੁਲਜ਼ਮ—ਅਨੁ) ਉਨ੍ਹਾਂ ਨੂੰ ਫ਼ਰਾਰ ਕਰਨ ਦੀ ਕੋਈ ਵਿਉਂਤ ਬਣਾਈ ਸੀ ਅਤੇ ਉਨ੍ਹਾਂ ਦੀ ਮਨਜ਼ੂਰੀ ਮਿਲਣ ਮਗਰੋਂ ਅਸੀਂ ਕੁਝ ਬੰਬ ਇਕੱਠੇ ਕੀਤੇ ਸਨ ਅਤੇ ਇਹ ਕਿ ਅਜ਼ਮਾਇਸ਼ ਵਾਸਤੇ ਉਨ੍ਹਾਂ ਵਿਚੋਂ ਇਕ ਬੰਬ 1926 ਦੇ ਦੁਸਹਿਰੇ ਦੇ ਮੌਕੇ ਉਤੇ ਭੀੜ ਵਿਚ ਸੁੱਟਿਆ ਸੀ। ਉਨ੍ਹਾਂ ਨੇ ਮੇਰੇ ਹਿੱਤ ਵਾਸਤੇ ਮੈਨੂੰ ਇਹ ਵੀ ਦਸਿਆ ਕਿ ਜੇ ਮੈਂ ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਬਿਆਨ ਦੇ ਦੇਵਾਂ, ਤਾਂ ਮੈਨੂੰ ਕੈਦ ਨਹੀਂ ਹੋਏਗੀ। ਸਗੋਂ ਉਹ ਮੈਨੂੰ ਰਿਹਾ ਕਰ ਦੇਣਗੇ ਤੇ ਇਨਾਮ ਦੇਣਗੇ ਤੇ ਮੈਨੂੰ ਅਦਾਲਤ ਵਿਚ ਵਾਇਦਾ ਮੁਆਫ਼ ਵਜੋਂ ਪੇਸ਼ ਨਹੀਂ ਕਰਨਗੇ। ਮੈਂ ਉਨ੍ਹਾਂ ਦੀ ਇਸ ਤਜਵੀਜ਼ ਉਤੇ ਹੱਸ ਛੱਡਿਆ। ਇਹ ਸਰਾਸਰ ਧੋਖਾ ਸੀ। ਸਾਡੇ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਮਾਸੂਮ ਲੋਕਾਂ ਉਤੇ ਬੰਬ ਨਹੀਂ ਸੁੱਟਦੇ। ਇਕ ਦਿਨ ਸਵੇਰੇ ਮਿਸਟਰ ਨੀਊਮੈਨ ਮੇਰੇ ਕੋਲ ਆਇਆ, ਜੋ ਉਹਨੀਂ ਦਿਨੀਂ ਸੀ.ਆਈ.ਡੀ. ਦਾ ਸੀਨੀਅਰ ਸੁਪਰੰਟੈਂਡੈਂਟ ਹੁੰਦਾ ਸੀ। ਉਹਨੇ ਮੇਰੇ ਨਾਲ ਲੰਮੀ ਚੌੜੀ ਹਮਦਰਦ ਗੱਲਬਾਤ ਮਗਰੋਂ ਆਪਣੇ ਚਿੱਤੋਂ ਮੈਨੂੰ ਬੜੀ ਮਾੜੀ ਖ਼ਬਰ ਦਿਤੀ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਮੁਤਾਬਕ ਕੋਈ ਬਿਆਨ ਨਾ ਦਿਤਾ, ਤਾਂ ਉਹ ਮੇਰੇ ਉਤੇ ਕਾਕੋਰੀ ਮੁਕੱਦਮੇ ਦੇ



# ਸ਼ੇਰਾ ਵੇ ਪੰਜਾਬ ਦਿਆ

ਸਰਵਣ ਸਿੰਘ ਅਮੋਲਕ
(ਲੰਡਨ)

ਕੀ ਖੱਟਿਆ ਵਲੈਤ ਵਿੱਚ ਆ ਕੇ,
ਸ਼ੇਰਾ ਵੇ ਪੰਜਾਬ ਦਿਆ।
ਆਨ-ਸ਼ਾਨ ਦੇ ਮੁਨਾਰਿਆਂ ਨੂੰ ਢਾ ਕੇ,
ਸ਼ੇਰਾ ਵੇ ਪੰਜਾਬ ਦਿਆ।
ਗੋਰਿਆਂ ਨੇ ਰਾਜ ਤੇਰਾ ਚਾਲਾਂ ਨਾਲ ਖੋਹਿਆ ਸੀ
ਫੁੱਟਾਂ ਵਿੱਚ ਜਿੰਦਾਂ ਤੇ ਦਲੀਪ ਨੂੰ ਪ੍ਰੋਇਆ ਸੀ
ਵੈਰਾਂ ਵੈਰੀਆਂ ਦੇ ਫਟਾਂ ਨੂੰ ਭੁਲਾ ਕੇ
ਸ਼ੇਰਾ ਵੇ ਪੰਜਾਬ ਦਿਆ........
'ਜਿੰਦ ਛੱਡ ਜਾਊ' ਬੜਾ ਖਰਾ ਨਾਅਰਾ ਲਾਇਆ ਤੂੰ!
ਪਿਛੇ ਪਿਛੇ ਗੋਰਿਆਂ ਦੇ ਨਾਲੇ ਤੁਰਾ ਆਇਆ ਤੂੰ!!
ਕੀ ਲੱਭਾ ਦੀਨ ਦੁਨੀਆ ਗੁਆ ਕੇ,
ਸ਼ੇਰਾ ਵੇ ਪੰਜਾਬ ਦਿਆ.........
ਪੌਂਡਾਂ ਦਿਆਂ ਚਸਕਿਆਂ ਨੇ ਮਾਰੀ ਤੇਰੀ ਮੱਤ ਉਇ!
ਪੱਤ ਪੱਤ ਕਰਦੇ ਹੈ ਉੱਡੀ ਤੇਰੀ ਪੱਤ ਉਇ!!
ਖੁਸ਼ ਹੁੰਦੈਂ ਸਾਲ੍ਹਾ ਗੋਰਿਆਂ ਤੋਂ ਖਾ ਕੇ
ਸ਼ੇਰਾ ਵੇ ਪੰਜਾਬ ਦਿਆ........
ਦੋਂਹ ਬੇੜੀਆਂ ਤੇ ਫਿਰੇਂ ਹੋਇਆ ਅਸਵਾਰ ਤੂੰ!
ਡੁੱਬੇਂਗਾ ਵਿਚਾਲੇ ਕਦੇ ਲੱਗੇਂਗਾ ਨਾ ਪਾਰ ਤੂੰ!!
ਕਦੀ ਸੋਚਿਆ ਈ ਸੋਚਾਂ ਨੂੰ ਦੁੜਾ ਕੇ
ਸ਼ੇਰਾ ਵੇ ਪੰਜਾਬ ਦਿਆ........
ਛੱਡ ਸਰਦਾਰੀਆਂ ਤੂੰ ਕਰੇਂ ਮਜ਼ਦੂਰੀਆਂ!
ਕਿਥੇ ਗਈਆਂ ਚੌਧਰਾਂ ਤੇ ਮੱਥੇ ਦੀਆਂ ਘੂਰੀਆਂ!!
ਜੱਗ ਹੱਸਦਾ ਈ ਖਿੱਲੀਆਂ ਉਡਾ ਕੇ
ਸ਼ੇਰਾ ਵੇ ਪੰਜਾਬ ਦਿਆ........
ਰਾਤਾਂ ਕਰੇਂ ਤੂੰ ਦਿਨੇ ਤੀਂਵੀ ਕੰਮ ਕਰਦੀ,
ਥਿੜਕੀ ਹੋਈ ਨੀਤ ਤੇਰੀ ਰੱਬ ਦੀ ਨਾਂ ਡਰਦੀ,
ਘੁੰਮੇਂ ਨਸ਼ੇ ਦੀਆਂ ਬੋਤਲਾਂ ਚੜ੍ਹਾ ਕੇ,
ਸ਼ੇਰਾ ਵੇ ਪੰਜਾਬ ਦਿਆ......
ਆ ਕੇ ਤੈਂ ਵਲੈਤ ਵਿੱਚ ਕਿਹੜਾ ਕੰਧ ਢਾ ਲਈ?
ਆਪਣੀ ਔਕਾਤ ਸਗੋਂ ਆਪ ਹੀ ਗਵਾ ਲਈ,
ਕਿਉਂ ਖਰੀ ਜਾਨਾ ਹੁਣ ਪਛਤਾ ਕੇ,
ਸ਼ੇਰਾ ਵੇ ਪੰਜਾਬ ਦਿਆ......
ਦੇਸ਼ ਹੈ ਪਰਾਇਆ ਅਤੇ ਲੋਕ ਵੀ ਪਰਾਏ ਨੇ,
ਉੱਤੋਂ ਮੁਸਕੌਂਦੇ ਵਿਚੋਂ ਲਹੂ ਦੇ ਤਿਹਾਏ ਨੇ,
ਸੁਣ ਸਮੇਂ ਦੀ ਅਵਾਜ਼ ਕੰਨ ਲਾ ਕੇ,
ਸ਼ੇਰਾ ਵੇ ਪੰਜਾਬ ਦਿਆ.......
ਸਤਲੁਜ, ਰਾਵੀ ਤੇ ਬਿਆਸ ਵਾਜ਼ਾਂ ਮਾਰਦੇ
ਜਿਹਲਮ, ਚਨਾਬ ਦੋਵੇਂ ਭੁੱਖੇ ਨੇ ਦੀਦਾਰ ਦੇ
ਆ ਜਾ ਥੇਮਸ ਦੇ ਨਜ਼ਾਰੇ ਗਲੋਂ ਲਾਹ ਕੇ
ਸ਼ੇਰਾ ਵੇ ਪੰਜਾਬ ਦਿਆ.......
ਹਾਲੇ ਹਾਲੇ ਮੋੜ ਲੈ ਦਿੱਲੀ ਬੜੀ ਦੂਰ ਹੈ,
ਤੇਰੇ ਨਾਲ ਚੰਗਾ ਲੈਣਾ ਗੋਰਿਆਂ ਜ਼ਰੂਰ ਹੈ,

(ਬਾਕੀ ਸਫਾ 22)

ਸੰਬੰਧ ਵਿਚ ਜੰਗ ਛੇੜਨ ਦੀ ਸਾਜ਼ਸ਼ ਅਤੇ ਦੁਸਹਿਰਾ ਬੰਬ ਸਾਕੇ ਦੇ ਵਹਿਸ਼ੀ ਕਤਲਾਂ ਦਾ ਮੁਕੱਦਮਾ ਚਲਾਉਣ ਲਈ ਮਜਬੂਰ ਹੋਣਗੇ। ਫੇਰ ਉਹ ਮੈਨੂੰ ਆਖਣ ਲੱਗਾ ਕਿ ਮੈਨੂੰ ਸਜ਼ਾ ਦਿਵਾਉਣ ਤੇ ਫਾਹੇ ਲਾਉਣ ਲਈ ਉਨ੍ਹਾਂ ਕੋਲ ਗਵਾਹੀ ਮੌਜੂਦ ਹੈ। ਉਹਨੀ ਦਿਨੀਂ ਮੇਰਾ ਵਿਸ਼ਵਾਸ ਸੀ—ਭਾਵੇਂ ਮੈਂ ਬਿਲਕੁਲ ਮਾਸੂਮ ਸੀ—ਕਿ ਪੁਲਸ ਜੋ ਚਾਹਵੇ ਕਰ ਸਕਦੀ ਹੈ। ਉਸੇ ਦਿਨ ਕੁਝ ਪੁਲਸ ਅਫਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪਰੇਰਣ ਲੱਗ ਪਏ। ਮੈਂ ਤਾਂ ਨਾਸਤਕ ਸੀ। ਮੈਂ ਆਪਣੇ ਆਪ ਨਾਲ ਫ਼ੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਅਮਨਚੈਨ ਤੇ ਖੁਸ਼ੀ ਦੇ ਦਿਨਾਂ ਵਿਚ ਨਾਸਤਕ ਹੋਣ ਦੀ ਫੜ ਮਾਰ ਸਕਦਾ ਹਾਂ ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਮੈਂ ਆਪਣੇ ਅਸੂਲਾਂ ਉਤੇ ਸਾਬਤ ਕਦਮ ਰਹਿ ਸਕਦਾ ਹਾਂ ਜਾਂ ਨਹੀਂ। ਬੜੀ ਸੋਚ-ਵਿਚਾਰ ਮਗਰੋਂ ਮੈਂ ਫੈਸਲਾ ਕੀਤਾ ਕਿ ਮੈਂ ਰੱਬ ਵਿਚ ਯਕੀਨ ਨਹੀਂ ਕਰ ਸਕਦਾ ਤੇ ਨਾ ਹੀ ਅਰਦਾਸ ਕਰ ਸਕਦਾ ਹਾਂ। ਮੈਂ ਕਦੇ ਵੀ ਅਰਦਾਸ ਨਾ ਕੀਤੀ। ਇਹ ਪਰਖ ਦੀ ਘੜੀ ਸੀ ਤੇ ਮੈਂ ਇਸ ਪਰਖ ਵਿਚ ਕਾਮਯਾਬ ਰਿਹਾ। ਮੈਂ ਕਦੇ ਇਕ ਪਲ ਵੀ ਕਿਸੇ ਦੀ ਕੀਮਤ ਉਤੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ ਸੀ। ਸੋ ਮੈਂ ਪੱਕਾ ਨਾਸਤਕ ਸੀ। ਤੇ ਉਦੋਂ ਤੋਂ ਲੈ ਕੇ ਹੁਣ ਤਕ ਹਾਂ। ਉਸ ਅਜ਼ਮਾਇਸ਼ ਵਿਚ ਪੂਰਾ ਉਤਰਨਾ ਕੋਈ ਸੌਖੀ ਗੱਲ ਨਹੀਂ ਸੀ। 'ਵਿਸ਼ਵਾਸ' ਮੁਸ਼ਕਿਲਾਂ ਨੂੰ ਘੱਟ ਕਰ ਦੇਂਦਾ ਹੈ, ਇਥੋਂ ਤਕ ਕਿ ਉਨ੍ਹਾਂ ਨੂੰ ਖ਼ੁਸ਼ਗਵਾਰ ਬਣਾ ਦਿੰਦਾ ਹੈ। ਬੰਦਾ ਰੱਬ ਵਿਚ ਧਰਵਾਸ ਤੇ ਆਸਰੇ ਦਾ ਬਹੁਤ ਜ਼ੋਰਦਾਰ ਅਹਿਸਾਸ ਲੱਭ ਸਕਦਾ ਹੈ। 'ਉਹਦੇ' ਤੋਂ ਬਿਨਾਂ ਮਨੁੱਖ ਨੂੰ ਆਪਣੇ ਆਪ ਉਤੇ ਨਿਰਭਰ ਹੋਣਾ ਪੈਂਦਾ ਹੈ। ਝੱਖੜ-ਝਾਂਜਿਆਂ ਤੇ ਤੂਫਾਨਾਂ ਵਿਚ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਇਹੋ ਜਿਹੀਆਂ ਅਜ਼ਮਾਇਸ਼ੀ ਘੜੀਆਂ ਵਿਚ ਕਿਸੇ ਵਿਚ ਕੋਈ ਹਉਮੈ ਬਚੀ ਹੋਈ ਹੋਵੇ ਤਾਂ ਉਹ ਕਾਫ਼ੂਰ ਹੋ ਜਾਂਦੀ ਹੈ ਅਤੇ ਮਨੁੱਖ ਆਮ ਵਿਸ਼ਵਾਸਾਂ ਨੂੰ ਉਲੰਘਣ ਦੀ ਹਿੰਮਤ ਤਕ ਨਹੀਂ ਕਰ ਸਕਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਕਹਿਣਾ ਪਏਗਾ ਕਿ ਉਸ ਵਿਚ ਨਿਰੀ ਹਉਮੈ ਨਾਲੋਂ ਹੋਰ ਕੋਈ ਤਾਕਤ ਵੀ ਹੁੰਦੀ ਹੋਣੀ ਹੈ। ਹੁਣ ਬਿਲਕੁਲ ਇਹੀ ਹਾਲਤ ਹੈ। ਪਹਿਲਾਂ ਹੀ ਚੰਗੀ ਤਰ੍ਹਾਂ ਪਤਾ ਹੈ ਕਿ (ਸਾਡੇ ਮੁਕੱਦਮੇ ਦਾ) ਕੀ ਫੈਸਲਾ ਹੋਏਗਾ। ਹਫਤੇ ਦੇ ਵਿਚ-ਵਿਚ ਫ਼ੈਸਲਾ ਸੁਣਾ ਦਿਤਾ ਜਾਏਗਾ। ਮੈਂ ਆਪਣੀ ਜ਼ਿੰਦਗੀ ਆਦਰਸ਼ ਖ਼ਾਤਰ ਕੁਰਬਾਨ ਕਰ ਦੇਣੀ ਹੈ, ਇਸ ਵਿਚਾਰ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਜੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ; ਕੋਈ ਮੁਸਲਮਾਨ ਜਾਂ ਈਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ ਵਿਚ ਫਾਂਸੀ ਦਾ ਫੰਦਾ ਪਾ ਦਿਤਾ ਜਾਏਗਾ ਤੇ ਮੇਰੇ ਪੈਰਾਂ ਹੇਠੋਂ ਤਖ਼ਤੇ ਖੋਲ੍ਹ ਦਿਤੇ ਗਏ, ਤਾਂ ਉਹ ਮੇਰਾ ਆਖ਼ਰੀ ਪਲ ਹੋਏਗਾ। ਮੇਰਾ, ਜਾਂ ਵੇਦਾਂ ਤਕ ਸ਼ਬਦਾਵਲੀ ਵਿਚ ਆਖੀਏ ਤਾਂ, ਮੇਰੀ ਆਤਮਾ ਦਾ ਬਿਲਕੁਲ ਖ਼ਾਤਮਾ ਹੋ ਜਾਏਗਾ। ਇਸ ਪਲ ਮਗਰੋਂ ਕੁਝ ਵੀ ਨਹੀਂ ਹੋਏਗਾ। ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜੱਦੋ-ਜਹਿਦ ਭਰੀ ਮੁਖ਼ਤਸਰ ਜ਼ਿੰਦਗੀ ਹੀ ਆਪਣੇ ਆਪ ਵਿਚ (ਮੇਰਾ) ਇਨਾਮ ਹੋਏਗੀ। ਇਸ ਤੋਂ ਵੱਧ ਕੁਝ ਨਹੀਂ। ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖ਼ੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁੱਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਉਸ ਦਿਨ ਤੋਂ ਅਜ਼ਾਦੀ ਦਾ ਯੁਗ ਸ਼ੁਰੂ ਹੋਵੇਗਾ। ਉਹ ਦਮਨਕਾਰੀਆਂ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿਚ ਜਾਂ ਮੌਤ ਮਗਰੋਂ ਬਹਿਸ਼ਤ ਵਿਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਏਗਾ; ਸਗੋਂ

(ਸਫਾ ੨੦ ਤੋਂ)

ਕੌਮ ਸੌਣਨਾਂ ਨਹੀਂ ਦੇਣਾ ਹੋਕੀਂ ਪਾ ਕੇ
ਸ਼ੇਰਾ ਵੇ ਪੰਜਾਬ ਦਿਆ......
ਸੂਰਮੇ ਸਰਾਭੇ ਦਾ ਨਿਸ਼ਾਨਾ ਭੁਲੀ ਬੈਠਾਂ ਏ,
ਭਗਤ ਸਿੰਘ ਬੀਰ ਦਾ ਤਰਾਨਾ ਭੁੱਲੀ ਬੈਠਾਂ ਏ,
ਭੁੱਲੀ ਬੈਠਾਂ ਐਂ ਤੂੰ ਬੀਰਤਾ ਦੇ ਸਾਕੇ
ਸ਼ੇਰਾ ਵੇ ਪੰਜਾਬ ਦਿਆ.....
ਸ਼ਾਇਰ 'ਅਮੋਲਕ' ਦੀ ਗੱਲ ਝੂਠੀ ਜਾਣੀ ਨਾਂ,
ਜਾਣ ਕੇ ਤੂੰ ਫੇਰੀ ਜਾਂਦੀ ਪਾਣੀ 'ਚ ਮਧਾਣੀ ਨਾਂ,
ਹਾਏ, ਲਾਭ ਲੋਕ ਆਪਣਾ ਗਵਾ ਕੇ
ਸ਼ੇਰਾ ਵੇ ਪੰਜਾਬ ਦਿਆ......

-0-

## ਦਸੌਰੀ ਚੀਰੇ

ਡਾ: ਸੁਹਿੰਦਰ ਗਿੱਲ

ਭਲਾ ਇੰਜ ਕਿਉਂ ਏ ?
ਕਿ ਜਦ ਵੀ
ਕਲਪਨਾਂ ਦੀ ਆਰਸੀ ਵਿਚ
ਤੈਨੂੰ ਤਕਦਾ ਹਾਂ
ਮੇਰੀ ਬੀਤੀ ਦੇ ਕੁਝ ਪਲ
ਸਮਿਆਂ ਦੇ ਭਾਰ ਹੇਠੋਂ
ਧੜਕ ਉੱਠਦੇ ਨੇਂ।
ਚੇਤਨਾਂ ਦੇ ਉਫ਼ਕ 'ਤੇ
ਚੜ੍ਹ ਆਉਂਦੀ ਏ
ਤੇਰੇ ਰਾਹਾਂ ਦੀ ਧੂੜ
ਮੇਰੀ ਆਤਮਾਂ ਦੇ ਮਹਾਂਸਾਗਰ ਨੂੰ
ਤੇਰੇ ਨੀਰਾਂ ਦੀ ਲੱਗਦੀ ਹੈ ਪਿਆਸ।
ਵਿਛੋੜੇ ਦੀ ਤੜਪ ਨਾਲ
ਵਿਲਕ ਉੱਠਦੇ ਨੇਂ
ਮੇਰੇ ਅਹਿਸਾਸ।

ਭਲਾ ਇੰਜ ਕਿਉਂ ਏ ?
ਕਿ ਮੇਰੀ ਕਾਇਆ 'ਚੋਂ
ਆਉਂਦੀ ਏ
ਤੇਰੀ ਮਿੱਟੀ ਦੀ ਖੁਸ਼ਬੋਈ।
ਮੇਰੇ ਸੀਨੇ 'ਚ ਤੈਂ
ਸੂਰਤ ਤੇਰੀ ਕਾਹਤੋਂ ਸਮੋਈ
ਹੈ ਕਾਹਤੋਂ ਫੁਰਨਾਂ ਸੋਗਾਂ ਦਾ
ਮੇਰੇ ਨਗ਼ਮਿਆਂ ਅੰਦਰ
ਕਿਉਂ ਕੋਹਾਂ ਹਜ਼ਾਰਾਂ 'ਤੇ ਵੀ
ਮੈਂ ਮਹਿਸੂਸ ਕਰਦਾ ਹਾਂ।
ਜੀਕਣ ਰੋਜ਼ ਸਿਰ ਆਪਣਾ
ਤੇਰੀ ਗੋਦੀ 'ਚ ਧਰਦਾ ਹਾਂ।

ਭਲਾ ਇੰਜ ਕਿਉਂ ਏ ?
ਕਿ ਜਦ ਲੋਕਾਂ ਤੋਂ ਮੈਂ

(ਬਾਕੀ ਸਫਾ ੨੩)

ਮਨੁੱਖਤਾ ਦੀ ਧੌਣ ਤੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇਕੋ ਇਕ ਸ਼ਾਨਦਾਰ ਮਾਰਗ ਉਤੇ ਚਲਣਗੇ। ਕੀ ਆਪਣੇ ਸੁਚੇ ਆਦਰਸ਼ ਵਿਚ ਉਨ੍ਹਾਂ ਦੇ ਮਾਣ ਨੂੰ ਅਹੰਕਾਰ ਕਿਹਾ ਜਾ ਸਕਦਾ ਹੈ? ਇਹੋ ਜਿਹੀ ਘ੍ਰਿਣਤ ਬਿਆਨੀ ਕਰਨ ਦੀ ਕੌਣ ਜੁਰਅਤ ਕਰ ਸਕਦਾ ਹੈ? ਇਹੋ ਜਿਹੇ ਬੰਦੇ ਨੂੰ ਮੈਂ ਮੂਰਖ ਜਾਂ ਪਾਖੰਡੀ ਆਖਾਂਗਾ। ਚਲੋ ਆਪਾਂ ਇਸ ਨੂੰ ਮੁਆਫ਼ ਕਰ ਦਿੰਦੇ ਹਾਂ, ਕਿਉਂਕਿ ਉਹ ਸੁਚੇ ਆਦਰਸ਼ ਵਾਲੇ ਦਿਲ ਦੇ ਜਜ਼ਬੇ, ਭਾਵਨਾ ਤੇ ਅਹਿਸਾਸ ਨੂੰ ਜਾਣ ਨਹੀਂ ਸਕਦਾ। ਉਹਦਾ ਦਿਲ ਮਾਸ ਦਾ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਕਮਜ਼ੋਰ ਹੈ,ਕਿਉਂਕਿ ਹੋਰ ਗਰਜ਼ਾਂ ਦੀਆਂ ਬੁਰਾਈਆਂ ਦਾ ਉਨ੍ਹਾਂ ਉਤੇ ਪਰਦਾ ਪਿਆ ਹੋਇਆ ਹੈ। ਸਵੈ-ਵਿਸ਼ਵਾਸ ਨੂੰ ਸਦਾ ਅਹੰਕਾਰ ਸਮਝਿਆ ਜਾਂਦਾ ਹੈ। ਇਹ ਮਾੜੀ ਤੇ ਤਰਸਯੋਗ ਗੱਲ ਹੈ, ਪਰ ਇਹਦਾ ਕੋਈ ਚਾਰਾ ਨਹੀਂ।

ਤੁਸੀਂ ਪ੍ਰਚਲਿਤ ਵਿਸ਼ਵਾਸ ਦਾ ਵਿਰੋਧ ਕਰ ਕੇ ਦੇਖ ਲਓ,ਤੁਸੀਂ ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਖ ਦੀ ਨੁਕਤਾਚੀਨੀ ਕਰ ਕੇ ਦੇਖ ਲਓ, ਤਾਂ ਤੁਹਾਡੀ ਦਲੀਲ ਦਾ ਜਵਾਬ ਤੁਹਾਨੂੰ ਘੁਮੰਡੀ-ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਣ ਮਾਨਸਿਕ ਖੜੋਤ ਹੈ। ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ ਮਹਾਨ ਹਨ, ਇਸ ਲਈ ਕੋਈ ਉਨ੍ਹਾਂ ਦੀ ਆਲੋਚਨਾ ਨਾ ਕਰੇ। ਕਿਉਂਕਿ ਉਹ ਉਪਰ ਉਠ ਚੁੱਕੇ ਹਨ। ਇਸ ਲਈ ਉਹ ਰਾਜਨੀਤੀ ਜਾਂ ਧਰਮ, ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ, ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ, ਭਾਵੇਂ ਨਹੀਂ ਮੰਨਦੇ, ਤੁਹਾਨੂੰ ਇਹ ਜ਼ਰੂਰ ਕਹਿਣਾ ਪਏਗਾ, "ਹਾਂ, ਇਹ ਗੱਲ ਠੀਕ ਹੈ।" ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵਲ ਨਹੀਂ ਲਿਜਾਂਦੀ। ਸਗੋਂ ਇਹ ਤਾਂ ਸਪਸ਼ਟ ਤੌਰ ਉਤੇ ਪ੍ਰਤੀਗਾਮੀ (ਮਾਨਸਿਕਤਾ) ਹੈ।

ਕਿਉਂਕਿ ਸਾਡੇ ਵੱਡੇ-ਵਡੇਰਿਆਂ ਨੇ ਕਿਸੇ ਸਰਬ ਸ਼ਕਤੀਮਾਨ ਪਰਮਾਤਮਾ ਵਿਚ ਵਿਸ਼ਵਾਸ ਬਣਾ ਲਿਆ ਸੀ। ਇਸ ਲਈ ਕੋਈ ਵੀ ਬੰਦਾ ਜਿਹੜਾ ਉਸ ਵਿਸ਼ਵਾਸ ਜਾਂ ਉਸ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਕਰਦਾ ਹੈ, ਉਹਨੂੰ ਹਰ ਹਾਲਤ ਵਿਚ ਕਾਫ਼ਰ, ਗ਼ੱਦਾਰ ਕਿਹਾ ਜਾਏਗਾ। ਜੇ ਉਹਦੀਆਂ ਵਜ਼ਨਦਾਰ ਦਲੀਲਾਂ ਨੂੰ ਅੱਗੋਂ ਕੱਟਿਆ ਨਾ ਜਾ ਸਕਦਾ ਹੋਵੇ ਅਤੇ ਸਰਬ-ਸ਼ਕਤੀਮਾਨ ਦੀ ਕਰੋਪੀ ਵੀ ਉਹਦੀ ਜ਼ੋਰਦਾਰ ਦ੍ਰਿੜ੍ਹਤਾ ਨੂੰ ਡੇਗ ਨਾ ਸਕੇ। ਤਾਂ ਉਹਨੂੰ ਘੁਮੰਡੀ ਗਰਦਾਨਿਆ ਜਾਏਗਾ ਅਤੇ ਉਹਦੀ ਦ੍ਰਿੜ੍ਹਤਾ ਨੂੰ ਅਹੰਕਾਰ ਆਖਿਆ ਜਾਏਗਾ। ਤਾਂ ਫੇਰ ਇਸ ਫ਼ਜ਼ੂਲ ਬਹਿਸ ਵਿਚ ਸਮਾਂ ਕਿਉਂ ਜ਼ਾਇਆ ਕੀਤਾ ਜਾਏ? ਇਹ ਸਵਾਲ ਲੋਕਾਂ ਅਗੇ ਪਹਿਲੀ ਵਾਰ ਆ ਰਿਹਾ ਹੈ ਤੇ ਇਸ ਨੂੰ ਇਸ ਤਰੀਕੇ ਨਾਲ ਪਹਿਲੀ ਵਾਰ ਲਿਆ ਜਾ ਰਿਹਾ ਹੈ, ਇਸੇ ਲਈ ਲੰਮੀ ਬਹਿਸ ਹੋ ਰਹੀ ਹੈ।

ਜਿਥੋਂ ਤੱਕ ਪਹਿਲੇ ਸਵਾਲ ਦਾ ਸੰਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਣ ਨਾਸਤਕ ਨਹੀਂ ਬਣਿਆ। ਇਹ ਫ਼ੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖੁੱਭਵੀਆਂ ਸਾਬਤ ਹੋਈਆਂ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿਚ ਜੇ ਮੈਂ ਆਸਤਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਅਤੇ ਮੇਰਾ ਬੋਝ ਹੁਣ ਨਾਲੋਂ ਘੱਟ ਹੋਣਾ ਸੀ ਅਤੇ ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋਹੜਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ। ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਦੀ ਮਦਦ ਨਾਲ ਇਸ ਰੁਝਾਨ ਉਤੇ ਕਾਬੂ ਪਾਉਣ ਦੀ ਕੋਸ਼ਿਸ ਕਰਦਾ ਰਿਹਾ ਹਾਂ। ਮੈਂ

(ਸਫ਼ਾ ੨੨ ਤੋਂ)

ਚੀਰੇ ਦਸੈਂਗੀ
ਚਾਕ ਕਰ ਦੇਵਾਂ
ਇਹਨਾਂ ਦੇ ਜਿਸਮ 'ਚੋਂ
ਹੈ ਤੇਰਾ
ਨੂਰ ਫੁੱਟ ਪੈਂਦਾ।
ਨੂਰ ਦੇ ਪੈਰੀਂ
ਤੇਰੀਆਂ ਯਾਦਾਂ ਦੀ ਝਾਂਜਰ
ਬੇ-ਤਹਾਸ਼ਾ ਛਣਕ ਉੱਠਦੀ ਹੈ
ਮੇਰੇ ਸਾਹੀਂ ਸੁਗੰਧੀ
ਬਚਪਨ ਦੀ ਪਸਰ ਜਾਂਦੀ ਹੈ।

ਕੌਰੇ ਕਿਉਂ ਯਾਰ ਮੇਰੇ
ਮਹਿਫ਼ਲਾਂ ਵਿੱਚ
ਪੁਛਦੇ ਰਹਿੰਦੇ
ਕਿਉਂ ਤੂੰ
'ਸਵਰਗਾਂ' ਵਿੱਚ ਵੀ
'ਨਰਕਾਂ' ਦੀ ਹੀ
ਗੱਲ ਹੈਂ ਕਰਦਾ।
ਤੇ ਮੈਨੂੰ ਇਸ ਤਰ੍ਹਾਂ ਲਗਦਾ
ਜਿਵੇਂ ਉਹ ਪੁਛਦੇ ਹੋਣ!
ਭਲਾ ਤੂੰ ਸਾਹ ਕਿਉਂ ਲੈਨਾਂ
ਤੇਰਾ ਦਿਲ ਧੜਕਦਾ ਕਿਉਂ ਏ।

## ਗ਼ਜ਼ਲ

ਗੁਰਦਿਆਲ ਰੌਸ਼ਨ

ਜੇਕਰ ਆਪਣੇ ਸਾਂਹਵੇ ਅੱਗ ਦਾ ਦਰਿਆ ਹੈ,
ਆਪਣਾ ਵੀ ਤਾਂ ਸੂਰਜ ਵਰਗਾ ਜਿਗਰਾ ਹੈ।
ਰੱਬਦੇ ਨਾਂ ਥੱਲੇ ਜੋ ਲੁਟਦੇ ਲੋਕਾਂ ਨੂੰ,
ਐਸੇ ਮੋਮਿਨ ਨਾਲੋਂ ਕਾਫ਼ਿਰ ਚੰਗਾ ਹੈ।
ਹੋਵੇਗਾ! ਇੰਜ ਹੋਵੇਗਾ!! ਇੰਜ ਹੁੰਦਾ ਹੈ!!!
ਇਥੇ ਜੋ ਹੋ ਸਕਦਾ ਨਹੀਂ ਉਹ ਹੋਇਆ ਹੈ।
ਬੇਸ਼ਕ ਇਥੇ ਸਾਰੇ ਚੀਥੇ ਪਾਏ ਹਨ,
ਕੱਪੜਿਆਂ ਦੇ ਹੇਠਾਂ ਹਰ ਇਕ ਨੰਗਾ ਹੈ।
ਮਹਿੰਗਾ ਹੈ ਹਾਂ! ਸਭ ਕੁਛ ਮਹਿੰਗਾ ਹੈ ਏਥੇ,
ਇਥੇ ਸਸਤਾ ਹੈ ਤਾਂ ਬੰਦਾ ਸਸਤਾ ਹੈ।
ਤੂੰ ਕਿਉਂ ਮੁੜ ਮੁੜ ਕੇ ਧੂਏਂ ਵੱਲ ਤਕਦਾਂ ਏਂ,
ਐ ਦਿਲ! ਇਹ ਤਾਂ ਗਰਮ ਹਵਾ ਦਾ ਬੁੱਲਾ ਹੈ।
ਦੂਰ ਦੂਰ ਤੱਕ ਕੁਛ ਵੀ ਨਜ਼ਰੀਂ ਨਹੀਂ ਆਉਂਦਾ,
ਫਿਰ ਦੱਸੋ ਇਹ ਧੂੰਆਂ ਕਿਥੋਂ ਉੱਠਦਾ ਹੈ।
ਲੋਕੀਂ ਉਸ ਦਿਸ਼ਾ ਵੱਲ ਤੁਰਦੇ ਨੇ ਅਕਸਰ,
ਯਾਰੋ! ਜਿਧਰ ਨੂੰ ਹੋਇਆ ਰੁਖ਼ ਦਾ ਹੈ।
ਰਹਿੰਦੀ ਦੁਨੀਆਂ ਤੱਕ ਜੋ ਜਿਉਂਦਾ 'ਰੌਸ਼ਨ'
ਇਹ ਦੁਸ਼ਮਣ ਆਖ਼ਿਰ ਮੇਰਾ ਕੁਛ ਲੱਗਦਾ ਹੈ।

GOYAL IMPORT-EXPORT LTD.
ਪੰਜਾਬੀ ਹਿੰਦੀ ਵੀਡੀਓ ਮੂਵੀਜ਼
BEST AND GUARANTEED PRINTS
MAIL ORDER ACCEPTED PHONE 873-8308

 ਇਸ ਕੋਸ਼ਿਸ਼ ਵਿਚ ਹਮੇਸ਼ਾ ਹੀ ਸਫਲ ਨਹੀਂ ਹੁੰਦਾ ਰਿਹਾ। ਪਰ ਬੰਦੇ ਦਾ ਫਰਜ ਤਾਂ ਕੋਸ਼ਿਸ਼ ਕਰੀ ਜਾਣਾ ਹੁੰਦਾ ਹੈ। ਕਾਮਯਾਬੀ ਮੌਕੇ ਤੇ ਹਾਲਾਤ ਉਤੇ ਨਿਰਭਰ ਹੁੰਦੀ ਹੈ।

ਦੂਜਾ ਸਵਾਲ ਇਹ ਹੈ ਕਿ ਜੇ ਅਹੰਕਾਰ ਨਹੀਂ, ਤਾਂ ਰੱਬ ਦੀ ਹੋਂਦ ਦੀ ਪੁਰਾਣੀ ਤੇ ਪ੍ਰਚੱਲਤ ਧਾਰਨਾ ਨੂੰ ਨਾ ਮੰਨਣ ਦਾ ਕੋਈ ਕਾਰਣ ਹੋਵੇਗਾ। ਹਾਂ, ਮੈਂ ਇਸ ਸਵਾਲ ਵਲ ਆਉਂਦਾ ਹਾਂ। ਇਹਦਾ ਕਾਰਣ ਹੈ। ਮੇਰੇ ਵਿਚਾਰ ਅਨੁਸਾਰ ਜਿਸ ਵਿਅਕਤੀ ਕੋਲ ਥੋੜੀ-ਬਹੁਤ ਤਰਕ ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਘਸਵੱਟੀ ਉਤੇ ਪਰਖਦਾ ਹੈ। ਜਿਥੇ ਸਿਧੇ ਸਬੂਤ ਨਹੀਂ ਮਿਲਦੇ, ਉਥੇ ਫ਼ਲਸਫ਼ੇ ਦਾ ਅਹਿਮ ਥਾਂ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਆਖ ਚੁੱਕਾ ਹਾਂ, ਮੇਰਾ ਕੋਈ ਇਨਕਲਾਬੀ ਦੋਸਤ ਕਿਹਾ ਕਰਦਾ ਸੀ ਕਿ ਫ਼ਲਸਫ਼ਾ ਮਨੁੱਖੀ ਕਮਜ਼ੋਰੀ ਦੀ ਪੈਦਾਵਾਰ ਹੈ। ਜਦ ਸਾਡੇ ਵੱਡੇ-ਵਡੇਰਿਆਂ ਕੋਲ ਇਸ ਜਗਤ-ਤਮਾਸ਼ੇ ਨੂੰ ਜਾਣਨ ਦੀ ਕਾਫ਼ੀ ਫੁਰਸਤ ਮਿਲੀ ਤੇ ਜਦ ਉਨ੍ਹਾਂ ਨੂੰ ਜਗਤ ਦੇ ਅੰਤੀਤ, ਵਰਤਮਾਨ ਤੇ ਭਵਿੱਖ ਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਸਿਧੇ ਸਬੂਤ ਨਾ ਮਿਲੇ, ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਸੇ ਕਰਕੇ ਵੱਖ ਵੱਖ ਧਰਮਾਂ ਦੇ ਬੁਨਿਆਦੀ ਸਿਧਾਂਤਾਂ ਵਿਚ ਵੱਡੇ ਮਤਭੇਦ ਹਨ, ਜਿਹੜੇ ਕਦੇ-ਕਦੇ ਬਹੁਤ ਵਿਰੋਧੀ ਰੂਪ ਅਖਤਿਆਰ ਕਰ ਜਾਂਦੇ ਹਨ। ਜਿਥੇ ਏਸ਼ੀਆਈ ਤੇ ਯੂਰਪੀ ਫ਼ਲਸਫ਼ਿਆਂ ਵਿਚ ਵਖਰੇਵਾਂ ਹੈ, ਇਥੋਂ ਤੱਕ ਕਿ ਹਰ ਮਹਾ ਖੇਤਰ ਦੀਆਂ ਵੱਖ-ਵੱਖ ਵਿਚਾਰ-ਪ੍ਰਣਾਲੀਆਂ ਵਿਚ ਵੀ ਮਤਭੇਦ ਮਿਲਦਾ ਹੈ। ਏਸ਼ੀਆਈ ਧਰਮਾਂ ਵਿਚ ਮੁਸਲਮ ਧਰਮ ਦੀ ਹਿੰਦੂ ਧਰਮ ਨਾਲ ਕੋਈ ਸਾਂਝ ਨਹੀਂ। ਸਿਰਫ ਹਿੰਦੁਸਤਾਨ ਵਿਚ ਹੀ ਬੁੱਧ ਧਰਮ ਤੇ ਜੈਨ ਧਰਮ ਬ੍ਰਾਹਮਣਵਾਦ ਤੋਂ ਕਾਫ਼ੀ ਵੱਖਰੇ ਹਨ ਅਤੇ ਬ੍ਰਾਹਮਣਵਾਦ ਵਿਚ ਵੀ ਅਗਾਂਹ ਆਰੀਆ ਸਮਾਜ ਤੇ, ਸਨਾਤਨ ਧਰਮ ਵਰਗੇ ਵਿਰੋਧੀ ਮੱਤ ਹਨ। ਚਾਰ ਵਾਕ* ਪੁਰਾਤਨ ਕਾਲ ਦਾ ਸੁਤੰਤਰ ਚਿੰਤਕ ਸੀ। ਇਹਨੇ ਰੱਬ ਦੀ ਪ੍ਰਭੁ-ਸੱਤਾ ਨੂੰ ਵੰਗਾਰਿਆ ਸੀ। ਇਨ੍ਹਾਂ ਸਾਰੇ ਮੱਤਾਂ ਵਿਚ ਬੁਨਿਆਦੀ ਸਵਾਲ ਬਾਰੇ ਮਤਭੇਦ ਹਨ; ਅਤੇ ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ। ਇਹੋ ਸਾਰੀ ਬੁਰਾਈ ਹੈ। ਪੁਰਾਣੇ ਵਿਦਵਾਨਾਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਅਗਿਆਨਤਾ ਵਿਰੁੱਧ ਸਾਡੀ ਆਉਣ ਵਾਲੀ ਜਦੋਜਹਿਦ ਦਾ ਅਧਾਰ ਬਣਾਉਣ ਤੇ ਇਸ ਭੇਤ-ਭਰੀ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਦੀ ਥਾਂ ਅਸੀਂ ਸੁਸਤ ਨਿਕੰਮੇ ਕੱਟੜ ਧਰਮ ਦੀ ਹਾਲ ਦੁਹਾਈ ਪਾਉਣ ਲਗ ਜਾਂਦੇ ਹਾਂ ਅਤੇ ਇੰਜ ਮਨੁੱਖੀ ਪ੍ਰਗਤੀ ਵਿਚ ਆਈ ਖੜੋਤ ਦੇ ਕਸੂਰਵਾਰ ਹਾਂ।

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਹਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ। ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫ਼ਲਸਫ਼ੇ ਵਿਚ ਵਿਸ਼ਵਾਸ ਕਰਨ ਲਗਦਾ ਹੈ, ਤਾਂ ਉਹਦਾ ਵਿਸ਼ਵਾਸ ਸਰਾਹੁਣਯੋਗ ਹੈ। ਉਹਦੀ ਦਲੀਲ ਗ਼ਲਤ ਜਾਂ ਉੱਕਾ ਹੀ ਬੇਬੁਨਿਆਦ ਹੋ ਸਕਦੀ ਹੈ। ਪਰ ਉਹਨੂੰ ਦਰੁਸਤ ਰਾਹ ਉਤੇ ਲਿਆਂਦਾ ਜਾਣਾ ਚਾਹੀਦਾ ਹੈ, ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ-ਤਾਰਾ ਜੋ ਹੁੰਦੀ ਹੈ। ਪਰ ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖ਼ਤਰਨਾਕ ਹੁੰਦਾ ਹੈ: ਇਹ ਦਿਮਾਗ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ (ਪਿਛਾਂਹ-ਖਿੱਚੂ) ਬਣਾ ਦਿੰਦਾ ਹੈ। ਜਿਹੜਾ ਵੀ ਬੰਦਾ ਯਥਾਰਥਵਾਦੀ

*ਰਾਮਾਇਣ ਦੀ ਰਚਨਾ ਤੋਂ ਵੀ ਪਹਿਲਾਂ ਹੋਇਆ ਸੰਦੇਹਵਾਦੀ ਦਾਰਸ਼ਨਿਕ, ਜਿਹੜਾ ਪਦਾਰਥਵਾਦੀ ਸਿਧਾਤ ਦਾ ਪ੍ਰਚਾਰਕ ਸੀ। ਸਮੇਂ ਦੇ ਹਾਕਮਾਂ ਨੇ ਉਹਨੂੰ ਜੀਉਂਦੇ ਨੂੰ ਸਾੜ ਦਿੱਤਾ ਸੀ।—ਅਨੁ.



ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।

* ਮੈਂ ਛੈ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

- - - - - - - - - - - -
- - - - - - - - - -
- - - - - - - - -
- - - - - - - -



ਮਿੰਨੀ ਰਚਨਾਵਾਂ ਦੀ ਪਹਿਲੀ ਪੱਤਰਕਾ
ਜੁਗਨੂ
ਇਕ ਅੰਕ: 50 ਪੈਸੇ    ਬਾਰ੍ਹਾਂ ਅੰਕ: 5 ਰੁਪੈ
ਸੰਪਾਦਕ:
ਸੁਰਿੰਦਰ ਕੈਲੇ    ਰਵਿੰਦਰ ਰਤਨ
ਸੰਪਰਕ:
੭-ਡੀ, ਸਰਾਭਾ ਨਗਰ, ਲੁਧਿਆਣਾ – 14001

GOYAL IMPORT-EXPORT
ਪੰਜਾਬੀ ਹਿੰਦੀ ਵੀਡੀਉ ਮੂਵੀਜ਼
BEST AND GUARANTEED PRINTS
MAIL ORDER ACCEPTED    PHONE 873 - 8308

ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸਵਾਸ ਦਲੀਲ ਅੱਗੇ ਨਾ ਖੜ੍ਹ ਸਕੇ, ਤਾਂ ਇਹ ਢਹਿਢੇਰੀ ਹੋ ਜਾਏਗਾ। ਫੇਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸਵਾਸ ਨੂੰ ਤਬਾਹ ਕਰਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ। ਇਹ ਨਕਾਰਾਤਮਕ ਪੱਖ ਹੈ। ਇਸ ਤੋਂ ਮਗਰੋਂ ਸਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ, ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਾਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ। ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਪਹਿਲਾਂ ਹੀ ਇਹ ਤਸਲੀਮ ਕਰਦਾ ਹਾਂ ਕਿ ਮੈਂ ਇਸ ਬਾਰੇ ਬਹੁਤਾ ਅਧਿਅਨ ਨਹੀਂ ਕਰ ਸਕਿਆ। ਏਸ਼ੀਆਈ ਫਲਸਫੇ ਨੂੰ ਪੜ੍ਹਨ ਦੀ ਮੇਰੀ ਵੱਡੀ ਰੀਝ ਸੀ, ਪਰ ਮੈਨੂੰ ਇਸ ਦਾ ਵਕਤ ਜਾਂ ਮੌਕਾ ਨਹੀਂ ਮਿਲ ਸਕਿਆ। ਪਰ ਜਿਥੋਂ ਤਕ ਨਾਕਾਰਾਤਮਕ ਪੱਖ ਦਾ ਸੰਬੰਧ ਹੈ, ਮੈਨੂੰ ਇਸ ਹੱਦ ਤਕ ਯਕੀਨ ਹੈ ਕਿ ਮੈਂ ਪੁਰਾਤਨ ਵਿਸ਼ਵਾਸ ਦੀ ਪੁਖ਼ਤਗੀ ਉਤੇ ਕਿੰਤੂ ਕਰ ਸਕਦਾ ਹਾਂ। ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲੀ ਕੋਈ ਪਰਮਾਤਮਾ ਸੁਚੇਤ-ਸੱਤਾ ਨਹੀਂ ਹੈ। ਸਾਡਾ ਕੁਦਰਤ ਵਿਚ ਯਕੀਨ ਹੈ ਤੇ ਸਮੁੱਚੀ ਪ੍ਰਗਤੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉਤੇ ਆਪਣੀ ਸੇਵਾ ਵਾਸਤੇ ਗਲਬਾ ਪਾਉਣਾ ਹੈ। ਇਹਦੇ ਪਿਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ। ਇਹੋ ਸਾਡਾ ਫ਼ਲਸਫ਼ਾ ਹੈ।

ਨਕਾਰਾਤਮਕ ਪੱਖ ਤੋਂ ਅਸੀਂ ਆਸਤਕਾਂ ਤੋਂ ਕੁਝ ਸਵਾਲ ਪੁੱਛਦੇ ਹਾਂ :

(1) ਤੁਹਾਡੇ ਵਿਸ਼ਵਾਸ ਅਨੁਸਾਰ ਜੇ ਕੋਈ ਸਰਵ ਸ਼ਕਤੀਮਾਨ, ਸਰਵ ਵਿਆਪਕ ਤੇ ਸਰਵ ਗਿਆਤਾ ਰੱਬ ਹੈ—ਤਾਂ ਦੁਨੀਆ ਜਾਂ ਧਰਤੀ ਨੂੰ ਕਿਹਨੇ ਸਾਜਿਆ ਸੀ। ਮੈਨੂੰ ਇਹ ਦੱਸਣ ਦੀ ਮਿਹਰਬਾਨੀ ਕਰੋ ਕਿ ਉਹਨੇ ਧਰਤੀ ਸਾਜੀ ਹੀ ਕਿਉਂ ? ਉਹ ਧਰਤੀ ਜੋ ਦੁੱਖਾਂ-ਆਫਤਾਂ, ਅਣਗਿਣਤ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ। ਇਕ ਵੀ ਜੀਅ ਪੂਰੀ ਤਰ੍ਹਾਂ ਸੁਖੀ ਨਹੀਂ ਹੈ।

ਮਿਹਰਬਾਨੀ ਕਰਕੇ ਇਹ ਨਾ ਆਖੋ ਕਿ ਉਹਦਾ ਨੇਮ ਹੈ : ਜੇ ਉਹ ਕਿਸੇ ਨੇਮ ਦੇ ਵੱਸ ਹੈ, ਤਾਂ ਉਹ ਸਰਵ ਸ਼ਕਤੀਮਾਨ ਨਹੀਂ। ਤਾਂ ਫੇਰ ਉਹ ਵੀ ਸਾਡੇ ਵਰਗਾ ਗੁਲਾਮ ਹੈ। ਮਿਹਰਬਾਨੀ ਕਰਕੇ ਇਹ ਵੀ ਨਾ ਆਖੋ ਕਿ ਇਹ ਉਹਦਾ ਸ਼ੁਗਲ ਹੈ। ਨੀਰੋ ਨੇ ਤਾਂ ਇਕੋ ਰੋਮ ਸਾੜ ਕੇ ਸਵਾਹ ਕੀਤਾ ਸੀ। ਉਹਨੇ ਗਿਣਤੀ ਦੇ ਬੰਦੇ ਜਾਨੋਂ ਮਾਰੇ ਸਨ। ਉਹਦੇ ਹੱਥੋਂ ਬਹੁਤ ਘੱਟ ਦੁਖਾਂਤ ਵਾਪਰੇ। ਇਹ ਸਭ ਉਹਨੇ ਆਪਣੇ ਮਜ਼ੇ ਲਈ ਕੀਤਾ। ਤੇ ਇਤਿਹਾਸ ਵਿਚ ਉਹਨੂੰ ਕਿਹੜੀ ਥਾਂ ਹਾਸਲ ਹੈ ? ਇਤਿਹਾਸਕਾਰ ਉਹਦਾ ਜ਼ਿਕਰ ਕਿਹੜੇ ਨਾਵਾਂ ਨਾਲ ਕਰਦੇ ਹਨ ? ਸਾਰੇ ਵਿਹੁਲੇ ਵਿਸ਼ੇਸ਼ਕ ਉਹਦੇ ਲਈ ਵਰਤੇ ਜਾਂਦੇ ਹਨ। ਜ਼ਾਲਮ, ਬੇਰਹਿਮ, ਸ਼ੈਤਾਨ ਨੀਰੋ ਦੀ ਨਿਖੇਧੀ ਕਰਨ ਲਈ ਲਾਹਨਤਾਂ ਨਾਲ ਸਫ਼ਿਆਂ ਦੇ ਸਫ਼ੇ ਕਾਲੇ ਕੀਤੇ ਪਏ ਹਨ। ਇਕ ਚੰਗੇਜ਼ ਖ਼ਾਨ ਨੇ ਮਜ਼ਾ ਲੈਣ ਲਈ ਕੁਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ ਅਤੇ ਅੱਜ ਅਸੀਂ ਉਹਦੇ ਨਾਂ ਤਕ ਨੂੰ ਨਫ਼ਰਤ ਕਰਦੇ ਹਾਂ। ਤਾਂ ਫੇਰ ਤੁਸੀਂ ਆਪਣੇ ਸਰਬ ਸ਼ਕਤੀਮਾਨ ਅਨੰਤ ਨੀਰੋ ਨੂੰ ਕਿਵੇਂ ਵਾਜਬ ਠਹਿਰਾਓਗੇ; ਜੋ ਹਾਲੀ ਵੀ ਹਰ ਦਿਨ, ਹਰ ਘੜੀ ਤੇ ਹਰ ਪਲ ਅਣਗਿਣਤ ਕਤਲ ਕਰੀ ਜਾ ਰਿਹਾ ਹੈ ? ਤੁਸੀਂ ਉਹਦੀਆਂ ਉਨ੍ਹਾਂ ਕਰਤੂਤਾਂ ਦੀ ਹਮਾਇਤ ਕਿਵੇਂ ਕਰੋਗੇ, ਜਿਹੜੀਆਂ ਪਲੋਪਲੀ ਚੰਗੇਜ਼ ਦੀਆਂ ਕਰਤੂਤਾਂ ਨੂੰ ਵੀ ਮਾਤ ਪਾਈ ਜਾਂਦੀਆਂ ਹਨ ? ਮੈਂ ਪੁੱਛਦਾ ਹਾਂ ਕਿ ਉਹਨੇ ਇਹ ਦੁਨੀਆ ਬਣਾਈ ਹੀ ਕਿਉਂ ਸੀ—ਦੁਨੀਆ ਜਿਹੜੀ ਸੱਚੀ-ਮੁੱਚੀ ਦਾ ਨਰਕ ਹੈ, ਅਨੰਤ ਤੇ ਤਲਖ਼ ਬੇਚੈਨੀ ਦਾ ਘਰ ਹੈ ? ਸਰਬ ਸ਼ਕਤੀਮਾਨ ਨੇ ਮਨੁੱਖ ਕਿਉਂ ਸਾਜਿਆ, ਜਦ ਕਿ ਉਹਦੇ ਕੋਲ ਮਨੁੱਖ ਨਾ ਸਾਜਣ ਦੀ ਤਾਕਤ ਸੀ ? ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਡੇ ਕੋਲ ਕੀ ਜਵਾਬ ਹੈ ? ਤੁਸੀਂ ਇਹ ਆਖੋਗੇ ਕਿ ਅਗਲੇ ਜਨਮ ਵਿਚ ਮਾਸੂਮ ਪੀੜਤਾਂ ਨੂੰ ਨਿਵਾਜਣ ਲਈ ਅਤੇ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਉਹਨੇ ਇੰਜ ਕੀਤਾ ? ਅੱਛਾ ਤਾਂ ਫੇਰ, ਤੁਸੀਂ ਉਸ ਬੰਦੇ ਨੂੰ ਕਿਵੇਂ ਹੱਕੀ ਠਹਿਰਾਓਗੇ, ਜੋ ਤੁਹਾਡੇ ਸਰੀਰ ਨੂੰ ਏਸ ਵਾਸਤੇ ਜ਼ਖ਼ਮੀ ਕਰਦਾ ਹੈ ਕਿ ਮਗਰੋਂ ਬੜੇ ਪਿਆਰ


**If you are looking for**
***Quality** [redacted]
*** Quality**
*** Price**
*** After sale service when buying your car contact**
**KELLY SINGH NAGI**

ਕਿਸੇ ਪ੍ਰਕਾਰ ਦੀ ਕਾਰ ਖ਼ਰੀਦਣੀ
ਜਾਂ ਟਰੇਡ ਕਰਨੀ ਹੋਵੇ ਤਾਂ
ਖ਼ਰੀਦ ਤੋਂ ਪਹਿਲਾਂ
ਕੈਲੀ ਸਿੰਘ ਨਾਗੀ
ਨੂੰ ਮਿਲੋ ਜਾਂ ਫੋਨ ਕਰੋ।



**Office**
**521-7731**
RES. 526-6959

**WESTMINSTER CHEVROLET-OLDSMOBILE**
**12 th Ave. at Queens Ave**
**New West Minster**

**GOYAL TRAVEL**
**4152 Fraser St.**
**Vancouver, B.C.**
**Tel:**
**[604] 872-7658**

*WE OFFER THE CHEAPEST FARES TO*
**. India . Pakistan .**
**. Nairobi . Dareselam .**
*SPECIAL FARES FROM SEATTLE TO LONDON-*
*One way or Return*
**4 Offices in India to serve you:**

**New Delhi . Jullundur**
**. Moga Jagroan .**

ਨਾਲ ਟਕੋਰਾਂ ਕਰੇਗਾ ? ਗਲੈਡੀਏਟਰ* ਸੰਸਥਾ ਦੇ ਹਮਾਇਤੀਆਂ ਤੇ ਪ੍ਰਬੰਧਕਾਂ ਦਾ ਇਹ ਕਾਰਾ ਕਿਥੋਂ ਤਾਈਂ ਸਹੀ ਹੁੰਦਾ ਸੀ, ਦੂਜੇ ਉਹ ਭੁੱਖੇ ਕਰੋਧੀ ਸ਼ੇਰਾਂ ਅੱਗੇ ਬੰਦਿਆਂ ਨੂੰ ਏਸ ਲਈ ਸੁੱਟ ਦਿੰਦੇ ਸੀ ਕਿ, ਜੇ ਉਹ ਸ਼ੇਰਾਂ ਹੱਥੋਂ ਜੀਉਂਦੇ ਬਚ ਗਏ, ਤਾਂ ਫੇਰ ਉਨ੍ਹਾਂ ਦੀ ਬਹੁਤ ਖ਼ਾਤਰ-ਤਵੱਜੋ ਹੋਏਗੀ ? ਇਸੇ ਕਰਕੇ ਮੈਂ ਪੁੱਛਦਾ ਹਾਂ : "ਸਦੈਤ ਸਰਬ ਉੱਚ ਸੱਤਾ ਨੇ ਇਹ ਦੁਨੀਆਂ ਤੇ ਮਨੁੱਖ ਕਿਉਂ ਸਾਜਿਆ ? ਮਜ਼ਾ ਲੈਣ ਲਈ। ਫੇਰ ਉਹਦੇ ਵਿਚ ਤੇ ਨੀਰੋ ਵਿਚ ਫਰਕ ਹੀ ਕੀ ਹੈ।

ਮੁਸਲਮਾਨੋ ਤੇ ਈਸਾਈਓ : ਹਿੰਦੂ ਦਰਸ਼ਨ ਕੋਲ ਤਾਂ ਹੋਰ ਵੀ ਦਲੀਲ ਹੋਏਗੀ। ਮੈਂ ਤੁਹਾਡੇ ਕੋਲੋਂ ਉਪਰਲੇ ਸਵਾਲਾਂ ਦੇ ਜਵਾਬ ਪੁੱਛਦਾ ਹਾਂ। ਪੂਰਬਲੇ ਜਨਮ ਵਿਚ ਤੁਹਾਡਾ ਯਕੀਨ ਨਹੀਂ ਹੈ। ਤੁਸੀਂ ਹਿੰਦੂਆਂ ਵਾਂਗ ਮਾਸੂਮ ਪੀੜਤਾਂ ਦੇ ਪਹਿਲੇ ਕੀਤੇ ਮੰਦੇ ਕਰਮਾਂ ਵਾਲੀ ਦਲੀਲ ਨਹੀਂ ਵਰਤ ਸਕਦੇ। ਮੈਂ ਤੁਹਾਥੋਂ ਪੁੱਛਦਾ ਹਾਂ ਕਿ ਸਰਬ ਸ਼ਕਤੀਮਾਨ ਨੇ ਇਹ ਦੁਨੀਆਂ ਸਾਜਣ ਲਈ ਛੇ ਦਿਨ ਕਿਉਂ ਮਿਹਨਤ ਕੀਤੀ ? ਉਹਨੇ ਕਿਉਂ ਕਿਹਾ ਸੀ ਕਿ ਸਭ ਅੱਛਾ ਹੈ ? ਉਹਨੂੰ ਅੱਜ ਹੀ ਸੱਦੋ। ਉਹਨੂੰ ਪਿਛਲਾ ਇਤਿਹਾਸ ਦਿਖਾਓ। ਉਹਨੂੰ ਮੌਜੂਦਾ ਹਾਲਤ ਬਾਰੇ ਜਾਣਨ ਦਿਓ। ਫੇਰ ਦੇਖਾਂਗੇ ਕਿ ਉਹ ਇਹ ਕਹਿਣ ਦੀ ਜੁਰਅਤ ਕਰਦਾ ਹੈ : ਸਭ ਅੱਛਾ ਹੈ।

ਜੇਲਖ਼ਾਨਿਆਂ ਦੀਆਂ ਕਾਲਕੋਠੜੀਆ ਤੋਂ ਗੰਦੀਆਂ ਬਸਤੀਆਂ ਤੇ ਝੌਂਪੜੀਆਂ ਵਿਚ ਭੁੱਖਮਰੀ ਦੇ ਹੱਥੋਂ ਮਰ ਰਹੇ ਲੱਖਾਂ ਹੀ ਲੋਕਾਂ ਨੂੰ ਦੇਖ ਕੇ, ਪੂੰਜੀਵਾਦੀ ਲੋਕਾਂ ਕੋਲੋਂ ਚੁੱਪ ਚਾਪ ਜਾਂ ਕਹਿ ਲਓ ਬੇਵਾਸਤਗੀ ਨਾਲ ਆਪਣਾ ਲਹੂ ਪਿਲਾ ਰਹੇ ਲੁਟੀਂਦੇ ਮਜ਼ਦੂਰਾਂ ਨੂੰ ਦੇਖ ਕੇ, ਇਨਸਾਨੀ ਤਾਕਤ ਦੀ ਬਰਬਾਦੀ ਜਿਹਨੂੰ ਦੇਖਕੇ ਅੱਤ ਸਾਧਾਰਣ ਬੁੱਧ ਵਾਲਾ ਵਿਅਕਤੀ ਵੀ ਡਰ ਨਾਲ ਕੰਬਣ ਲਗ ਜਾਏ, ਅਤੇ ਲੋੜਵੰਦ ਉਤਪਾਦਨਾਂ ਨੂੰ ਵੰਡਣ ਦੀ ਥਾਂ ਵਾਧੂ ਪੈਦਾਵਾਰ ਸਮੁੰਦਰਾਂ ਵਿਚ ਸੁੱਟੀ ਜਾਂਦੀ ਦੇਖ ਕੇ, ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਹਾਂ ਉਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਨੂੰ ਦੇਖ ਕੇ ਉਹ ਰਤਾ ਆਖੇ ਤਾਂ ਸਹੀ : ਸਭ ਅੱਛਾ ਹੈ। ਕਿਉਂ ਤੇ ਕਿਸ ਕਾਰਣ ? ਇਹ ਮੇਰਾ ਸਵਾਲ ਹੈ। ਤੁਸੀਂ ਚੁੱਪ ਹੋ। ਠੀਕ ਹੈ, ਮੈਂ ਆਪਣੀ ਗੱਲ ਅੱਗੇ ਤੋਰਦਾ ਹਾਂ।

ਤੁਸੀਂ ਹਿੰਦੂ ਇਹ ਆਖਦੇ ਹੋ ਕਿ ਅੱਜ ਜਿਹੜਾ ਵੀ ਦੁੱਖ ਝਲ ਰਿਹਾ ਹੈ, ਉਹ ਪੂਰਬਲੇ ਜਨਮ ਦੇ ਮੰਦੇ ਕਰਮਾਂ ਕਰਕੇ ਹੈ। ਠੀਕ। ਤੁਸੀਂ ਇਹ ਵੀ ਕਹਿੰਦੇ ਹੋ ਕਿ ਜਿਹੜੇ ਅੱਜ ਲੋਕਾਂ ਨੂੰ ਦਬਾ ਰਹੇ ਹਨ, ਉਹ ਪੂਰਬਲੇ ਜਨਮਾਂ ਵਿਚ ਧਰਮਾਤਮਾ ਲੋਕ ਸਨ। ਇਸ ਕਰਕੇ ਉਨ੍ਹਾ ਦੇ ਹੱਥ ਤਾਕਤ ਹੈ। ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵੱਡੇ-ਵਡੇਰੇ ਬੜੇ ਸ਼ਾਤਰ ਲੋਕ ਸਨ। ਉਹ ਐਸੇ ਸਿਧਾਂਤ ਲਭਣ ਵਿਚ ਲੱਗੇ ਰਹੇ, ਜਿਨ੍ਹਾਂ ਨਾਲ ਤਰਕ ਤੇ ਅਵਿਸ਼ਵਾਸ ਨੂੰ ਖ਼ਤਮ ਕੀਤਾ ਜਾ ਸਕੇ। ਪਰ ਆਪਾ ਦੇਖਦੇ ਹਾਂ ਕਿ ਇਸ ਦਲੀਲ ਵਿਚ ਕਿੰਨਾ ਕੁ ਵਜਨ ਹੈ।

ਬਹੁਤ ਉਘੇ ਨਿਆਂ ਸ਼ਾਸਤਰੀਆਂ ਦਾ ਇਹ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ, ਉਹਦੇ ਤਿੰਨ ਜਾ ਚਾਰ ਮਕਸਦ ਹੋ ਸਕਦੇ ਹਨ ਤੇ ਇਸੇ ਆਧਾਰ ਉਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਕਸਦ ਇਹ ਹਨ : ਬਦਲਾ, ਸੁਧਾਰ ਤੇ ਵਰਜਣ ਲਈ ਡਰ। ਹੁਣ ਸਾਰੇ ਸਿਆਣੇ ਚਿੰਤਕ ਬਦਲੇ ਦੇ ਸਿਧਾਂਤ ਦੀ ਨਿਖੇਧੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ। ਸੁਧਾਰਕ ਸਿਧਾਤ ਹੀ ਜਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ ਪਸੰਦ ਸ਼ਹਿਰੀ ਬਣ ਕੇ ਸਮਾਜ ਵਿਚ ਵਾਪਸ ਜਾਵੇ। ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿਚ) ਪਾਪ ਕੀਤੇ ਹੋਣਗੇ, ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ

*ਪੁਰਾਤਨ ਰੋਮ ਵਿਚ ਗੁਲਾਮਾਂ, ਜੰਗੀ ਕੈਦੀਆਂ ਜਾਂ ਸਜਾ ਯਾਫਤਾ ਮੁਜਰਮਾ ਨੂੰ ਰਾਜੇ ਦੇ ਦਰਬਾਰ ਵਿਚ ਆਪਸ ਵਿਚ ਜਾਨਲੇਵਾ ਤਲਵਾਰਬਾਜੀ ਕਰਨ ਦੀ ਬਹੁਤ ਸਖਤ ਕਿਸਮ ਦੀ ਸਿਖਲਾਈ ਦਿੱਤੀ ਜਾਂਦੀ ਸੀ। ਰਾਜਾ ਕਈ ਵਾਰ ਮਜ਼ੇ ਖਾਤਰ ਗੁਲਾਮਾ ਨੂੰ ਭੁੱਖੇ ਸ਼ੇਰਾਂ ਅੱਗੇ ਛੱਡ ਦਿੰਦਾ ਸੀ। ਗਲੈਡੀਏਟਰ ਲਾਤੀਨੀ ਬੋਲੀ ਦਾ ਸ਼ਬਦ ਹੈ ਤੇ ਇਹਦਾ ਅਰਥ ਹੈ : ਤਲਵਾਰਬਾਜ।—ਅਨੁ.

PAUL'S PLUMBING & ELECTRICAL SUPPLY

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



ਖੁਸ਼ਖਬਰੀ ! ਤੁਹਾਡੀ ਸਹੂਲਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਾਡੇ ਕੋਲ ਆਵੋ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English - Punjab - Hindi Spoken
4774 Main St (at 32nd)
Vancouver ● 872-3118
Open Sunday — Parking at rear.

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੋਂ ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

TEL: 324-3177

KENNY K. H. NG B.Sc. (PHARM.)
R.P.E.B.C.

PAUL C. Y. FU B.Sc. (PHARM.)
R.P.E.B.C.

6407 MAIN ST.
VANCOUVER, B.C.

ਦਿੰਦਾ ਹੈ, ਉਹ ਕਿਹੋ ਜਿਹੀ ਹੈ ? ਤੁਸੀਂ ਆਖਦੇ ਹੋ ਕਿ ਉਹ ਉਨ੍ਹਾਂ ਨੂੰ ਗਾਂ, ਬਿੱਲੀ, ਦਰੱਖ਼ਤ, ਜੜ੍ਹੀਬੂਟੀ ਜਾਂ ਜਾਨਵਰ ਦੇ ਰੂਪ ਵਿਚ ਜਨਮ ਲੈਣ ਲਈ ਭੇਜਦਾ ਹੈ। ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ 84 ਲੱਖ ਦੱਸਦੇ ਹੋ। ਮੈਨੂੰ ਇਹ ਦੱਸੋ ਕਿ ਇਹਦਾ ਮਨੁੱਖ ਉਤੇ ਕੋਈ ਸੁਧਾਰਕ ਅਸਰ ਪੈਂਦਾ ਹੈ ? ਤੁਸੀਂ ਐਸੇ ਕਿੰਨੇ ਕੁ ਜਣਿਆਂ ਨੂੰ ਮਿਲੇ ਹੋ, ਕਿ ਉਹ ਪਾਪ ਕਰਨ ਕਾਰਣ ਪਿਛਲੇ ਜਨਮ ਵਿਚ ਗਧੇ ਦੀ ਜੂਨੇ ਪਏ ਸਨ ? ਕੋਈ ਨਹੀਂ ਮਿਲਿਆ ਹੋਣਾ। ਆਪਣੇ ਪੁਰਾਣਾਂ ਦੇ ਬਿਰਤਾਂਤ ਦੀ ਲੋੜ ਨਹੀਂ। ਮੈਂ ਤੁਹਾਡੀਆਂ ਮਿਥਹਾਸਕ ਕਹਾਣੀਆਂ ਦਾ ਜ਼ਿਕਰ ਤੱਕ ਨਹੀਂ ਛੂਹਣਾ ਚਾਹੁੰਦਾ। ਇਸ ਤੋਂ ਬਿਨਾਂ ਤੁਹਾਨੂੰ ਏਸ ਗੱਲ ਦਾ ਪਤਾ ਹੈ ਕਿ ਦੁਨੀਆਂ ਵਿਚ ਸਭ ਤੋਂ ਵੱਡਾ ਪਾਪ ਗ਼ਰੀਬ ਹੋਣਾ ਹੈ। ਗ਼ਰੀਬੀ ਪਾਪ ਹੈ, ਇਹ ਸਜ਼ਾ ਹੈ। ਤੁਸੀਂ ਇਹੋ ਜਿਹੀਆਂ ਸਜ਼ਾਵਾਂ ਤਜਵੀਜ਼ ਕਰਨ ਵਾਲੇ ਕਿਸੇ ਅਪਰਾਧ-ਵਿਗਿਆਨੀ, ਕਿਸੇ ਕਨੂੰਨਦਾਨ ਜਾਂ ਕਾਨੂੰਨਸਾਜ਼ ਦੀ ਕਿੰਨੀ ਕੁ ਸਿਫ਼ਤ-ਸਲਾਹੀ ਕਰੋਗੇ, ਜਿਸ ਨਾਲ ਮਨੁੱਖ ਹੋਰ ਵਧੇਰੇ ਗੁਨਾਹ ਕਰਨ ਲਈ ਮਜਬੂਰ ਹੁੰਦਾ ਹੈ ? ਕੀ ਤੁਹਾਡੇ ਰੱਬ ਨੇ ਇਸ ਗੱਲ ਬਾਰੇ ਪਹਿਲਾਂ ਨਹੀਂ ਸੋਚਿਆ ਸੀ ਜਾਂ ਉਹ ਵੀ ਇਹ ਗੱਲਾਂ ਮਨੁੱਖਤਾ ਦੀਆਂ ਅਕਹਿ ਦੁੱਖ-ਤਕਲੀਫ਼ਾਂ ਦੀ ਕੀਮਤ ਉਤੇ ਤਜਰਬਿਆਂ ਰਾਹੀਂ ਸਿਖਦਾ ਹੈ ? ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਵਾਰ ਵਿਚ ਜੰਮੇ ਬੰਦੇ ਦੀ ਕੀ ਹੋਣੀ ਹੋਏਗੀ ? ਉਹ ਗ਼ਰੀਬ ਹੈ, ਏਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖ਼ੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਹਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜ਼ਾਤ ਵਿਚ ਪੈਦਾ ਹੋਏ ਸਨ। ਉਹਦੀ ਅਗਿਆਨਤਾ, ਉਹਦੀ ਗ਼ਰੀਬੀ ਤੇ ਜਿਹੜਾ ਸਲੂਕ ਉਹਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਣ ਸਮਾਜ ਤਾਈਂ ਉਹਦਾ ਦਿਲ ਸਖ਼ਤ ਹੋ ਜਾਏਗਾ। ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ. ਤਾਂ ਇਹਦਾ ਖ਼ਮਿਆਜ਼ਾ ਕੌਣ ਭੁਗਤੇਗਾ ? ਰੱਬ, ਜਾਂ ਪਾਪ ਕਤਨ ਵਾਲਾ ਜਾ ਸਮਾਜ ਦੇ ਗੁਣੀ-ਗਿਆਨੀ ਬੰਦੇ ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ, ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗ਼ਾਰਾਂ ਵਿਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਇਹੋ ਸੀ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀਂ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਸੀ। ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਹਦਾ ਜ਼ਿੰਮੇਦਾਰ ਕੌਣ ਸੀ ਤੇ ਬਿਪਤਾ ਕਿਹਦੇ ਸਿਰ ਪੈਣੀ ਸੀ ? ਮੇਰੇ ਪਿਆਰੇ ਦੋਸਤੋ : ਇਹ ਸਾਰੇ ਸਿਧਾਂਤ ਖ਼ਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ। ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ। ਹਾਂ, ਸ਼ਾਇਦ ਅਪਟਨ ਸਿਨਕਲੇਅਰ* ਨੇ ਕਿਸੇ ਥਾਂ ਲਿਖਿਆ ਸੀ ਕਿ ਬੰਦੇ ਨੂੰ (ਆਤਮਾ ਦੀ) ਅਮਰਤਾ ਵਿਚ ਯਕੀਨ ਕਰਨ ਲਾ ਦਿਓ ਅਤੇ ਫੇਰ ਉਹਦੇ ਕੋਲ ਜੋ ਕੁਝ ਵੀ ਹੈ, ਉਹ ਲੁੱਟ ਲਓ। ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ। ਧਾਰਮਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀ ਭੁਗਤ ਕਰਕੇ ਜੇਲ੍ਹਾਂ, ਫਾਹੀਆਂ, ਕੋਰੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ ਸੀ।

ਮੈਨੂੰ ਇਹ ਦੱਸੋ ਕਿ ਤੁਹਾਡਾ ਸਰਬਸ਼ਕਤੀਮਾਨ ਰੱਬ ਹਰ ਕਿਸੇ ਬੰਦੇ ਨੂੰ ਕਸੂਰ ਜਾ ਪਾਪ ਕਰਨੋ ਵਰਜਦਾ ਕਿਉਂ ਨਹੀਂ ? ਉਹਦੇ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ। ਉਹਨੇ ਜੰਗਬਾਜ਼ਾਂ ਨੂੰ ਕਿਉਂ ਨਾ ਜਾਨੋਂ ਮਾਰਿਆ ਜਾਂ ਉਨ੍ਹਾਂ ਦੇ ਜੰਗੀ ਪਾਗਲਪਨ ਨੂੰ ਮਾਰ ਕੇ ਵੱਡੀ ਜੰਗ ਨਾਲ ਮਨੁੱਖਤਾ ਉਤੇ ਆਈ ਪਰਲੋ ਨੂੰ ਕਿਉਂ ਨਾ ਬਚਾਇਆ ? ਉਹ ਅੰਗਰੇਜ ਲੋਕਾ ਦੇ ਮਨਾਂ ਵਿਚ ਕੋਈ ਐਹੋ ਜਿਹਾ ਜਜ਼ਬਾ ਕਿਉਂ ਨਹੀਂ ਪਾ ਦਿੰਦਾ ਕਿ ਉਹ ਹਿੰਦੁਸਤਾਨ ਨੂੰ ਛੱਡ ਕੇ ਚਲੇ

---

*ਅਪਟਨ ਸਿਨਕਲੇਅਰ (1878 ?) ਅਮਰੀਕੀ ਲੇਖਕ ਤੇ ਸੋਸ਼ਲਿਸਟ ਪਾਰਟੀ ਦਾ ਕਾਰਕੁੰਨ। ਭਗਤ ਸਿੰਘ ਦਾ ਇਸ਼ਾਰਾ ਸ਼ਾਇਦ ਸਿਨਕਲੇਅਰ ਦੇ 1918 ਵਿਚ ਲਿਖੇ ਪੈਂਫਲਟ ਪਰੋਫਿਟਸ ਆਫ ਰਿਲੀਜਨ (ਧਰਮ ਦੇ ਮੁਨਾਫ਼ੇ) ਵਲ ਹੈ।—ਅਨੁ.


FOR YOUR INSURANCE NEEDS: SUCH AS —

* AUTO INSURANCE
* BUSINESS
* COMMERCIAL
* HOME OWNERS
* TRAVEL INSURANCE



BALDEV SANGRA
BUS: (604) 321-4125
RES; (604) 687-7711
PAGER: 7648
RES: 325-5857

Autoplan

ਹਰ ਪਕਾਰ ਦੇ ਬੀਮੇ ਜਿਵੇਂ ਕਾਰ, ਟ੍ਰੱਕ, ਮਕਾਨ ਅਤੇ ਕੈਂਪਰ ਆਦਿ ਲਈ ਸ਼ਾਡੀਆਂ ਸੇਵਾਵਾਂ ਹਾਜ਼ਰ ਹਨ।

W. H. Gallagher Ltd.
5186 VICTORIA DR.
VANCOUVER, B.C. V5P 3V2

---

ਲਾਜਪਤ ਰਾਏ ਮੈਮੋਰੀਅਲ ਕਾਲਜ ਜਗਰਾਉਂ ਦੇ ਪੁਰਾਣੇ ਵਿਦਿਆਰਥੀ ਤੇ ਇਲਾਕਾ ਨਿਵਾਸੀਆਂ ਨੂੰ

ਅਪੀਲ

ਪ੍ਰਸਿੱਧ ਸੁਤੰਤਰਤਾ ਸੰਗ੍ਰਾਮੀ ਕਾਲਜ ਲਾਲਾ ਲਾਜਪਤ ਰਾਏ ਦੇ ਨਾਂ ਤੇ ਚੱਲਿਆ ਤੇ 1959 ਤੋਂ ਇਲਾਕਾ ਜਗਰਾਉਂ (ਲੁਧਿਆਣਾ) ਦੀ ਭਰਪੂਰ ਸੇਵਾ ਕਰ ਰਿਹਾ ਹੈ। ਇਹ ਕਾਲਜ ਇਸ ਸਮੇਂ ਗੰਭੀਰ ਮਾਇਕ ਸੰਕਟ ਵਿੱਚ ਘਿਰਿਆ ਹੋਇਆ ਹੈ।

ਇਸ ਕਾਲਜ ਦੇ ਪਰਦੇਸੀਂ ਵੱਸਦੇ ਪੁਰਾਣੇ ਵਿਦਿਆਰਥੀਆਂ ਤੇ ਸ਼ੁਭ ਚਿੰਤਕਾਂ ਦਾ ਫਰਜ਼ ਹੈ ਕਿ ਉਹ ਵਿੱਤ ਅਨੁਸਾਰ ਸਹਾਇਤਾ ਕਰਨ ਲਈ ਕਾਲਜ ਨਾਲ ਸੰਪਰਕ ਪੈਦਾ ਕਰਨ।

ਇਸ ਸਬੰਧ ਵਿੱਚ ਕਾਲਜ ਦੇ ਪ੍ਰਿੰਸੀਪਲ ਅਤੇ ਪ੍ਰੋ: ਕੇ. ਸੀ. ਬਾਂਸਲ ਕੈਨੇਡਾ ਆ ਰਹੇ ਹਨ, ਅਪ੍ਰੈਲ ਤੇ ਮਈ ਮਹੀਨਾ ਉਹ ਕੈਨੇਡਾ ਵਿੱਚ ਹੀ ਠਹਿਰਨਗੇ।

ਵੱਲੋਂ:-
ਪ੍ਰੇਮ ਸਿੰਘ ਬਜਾਜ
ਪ੍ਰਿੰਸੀਪਲ

ਜਾਣ ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਸਾਰੀ ਨਿੱਜੀ ਜਾਇਦਾਦ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ ਸਗੋਂ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੇ ਬੰਧਨ ਤੋਂ ਛੁਟਕਾਰਾ ਪਾ ਦੇਣ। ਤੁਸੀਂ ਬਹਿਸ ਕਰਨਾ ਚਾਹੋਗੇ ਕਿ ਸਮਾਜਵਾਦੀ ਸਿਧਾਂਤ ਲਾਗੂ ਹੋ ਸਕਦਾ ਹੈ ਜਾਂ ਨਹੀਂ, ਮੈਂ ਇਹਨੂੰ ਲਾਗੂ ਕਰਨ ਦਾ ਜ਼ਿੰਮਾ ਤੁਹਾਡੇ ਪਰਵਰਦਿਗਾਰ ਉਤੇ ਸੁੱਟਦਾ ਹਾਂ। ਜਿਥੋਂ ਤਕ ਆਮ ਲੋਕ ਭਲਾਈ ਦਾ ਸੰਬੰਧ ਹੈ, ਲੋਕਾਂ ਨੂੰ ਸਮਾਜਵਾਦ ਦੇ ਗੁਣਾਂ ਦਾ ਪਤਾ ਹੈ। ਉਹ ਇਹਦਾ ਵਿਰੋਧ ਇਸ ਨੁਕਤੇ ਤੋਂ ਕਰਦੇ ਹਨ ਕਿ ਇਹ ਲਾਗੂ ਨਹੀਂ ਹੋ ਸਕਦਾ। ਚਲੋ ਤੁਹਾਡਾ ਰੱਬ ਆਵੇ ਤੇ ਸਭ ਕੁਝ ਬਾਕਾਇਦਾ ਤਰੀਕੇ ਨਾਲ ਕਰ ਦੇਵੇ। ਹੁਣ ਤੁਸੀਂ ਦਲੀਲ ਵਿਚੋਂ ਦਲੀਲ ਕੱਢਣ ਦੀ ਕੋਸ਼ਿਸ਼ ਨਾ ਕਰਨੀ। ਮੈਂ ਤੁਹਾਨੂੰ ਦੱਸਦਾ ਹਾਂ : ਹਿੰਦੁਸਤਾਨ ਉਤੇ ਜੋ ਬਰਤਾਨਵੀ ਹਕੂਮਤ ਹੈ ਤਾਂ ਇਹ ਰੱਬ ਦੀ ਮਰਜ਼ੀ ਕਾਰਣ ਨਹੀਂ ਹੈ, ਸਗੋਂ ਇਸ ਕਾਰਣ ਹੈ ਕਿ ਸਾਡੇ ਵਿਚ ਇਹਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹ ਰੱਬ ਦੀ ਮਦਦ ਨਾਲ ਸਾਨੂੰ ਗ਼ੁਲਾਮ ਨਹੀਂ ਰਖ ਰਹੇ, ਸਗੋਂ ਉਨ੍ਹਾਂ ਨੇ ਬੰਦੂਕਾਂ-ਤੋਪਾਂ, ਬੰਬਾਂ, ਗੋਲੀਆਂ, ਪੁਲਸ, ਫ਼ੌਜ ਦੀ ਮਦਦ ਨਾਲ ਸਾਨੂੰ ਗ਼ੁਲਾਮ ਬਣਾਇਆ ਹੋਇਆ ਹੈ ਅਤੇ ਸਾਡਾ ਹੀ ਕਸੂਰ ਹੈ ਕਿ ਉਹ (ਮਨੁੱਖੀ) ਸਮਾਜ ਵਿਰੁਧ ਸਭ ਤੋਂ ਵੱਧ ਘਿਣਾਉਣਾ ਗੁਨਾਹ ਇਹ ਕਰ ਰਹੇ ਹਨ ਕਿ ਇਕ ਕੌਮ ਹੱਥੋਂ ਦੂਜੀ ਕੌਮ ਲੁੱਟੀ ਜਾ ਰਹੀ ਹੈ। ਕਿਥੇ ਹੈ ਰੱਬ ? ਉਹ ਕਰ ਕੀ ਰਿਹਾ ਹੈ ? ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਸਾਰੀਆਂ ਦੁੱਖ ਤਕਲੀਫ਼ਾਂ ਦਾ ਮਜ਼ਾ ਲੈ ਰਿਹਾ ਹੈ ? ਉਹ ਨੀਰੋ ਹੈ, ਉਹ ਚੰਗੇਜ਼ ਖ਼ਾਂ ਹੈ। ਰੱਬ ਮੁਰਦਾਬਾਦ !

ਤੁਸੀਂ ਮੈਨੂੰ ਇਹ ਪੁੱਛੋਗੇ ਕਿ ਇਸ ਦੁਨੀਆਂ ਦਾ ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ। ਚਾਰਲਸ ਡਾਰਵਿਨ* ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਹਦਾ ਮੁਤਾਲਿਆ ਕਰੋ। ਸੋਹੰ ਸਵਾਮੀ ਦੀ ਕਿਤਾਬ **ਕਮਨਸੈਂਸ** (ਸਾਧਾਰਣ ਗਿਆਨ) ਪੜ੍ਹੋ। ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤਕ ਜਵਾਬ ਮਿਲ ਜਾਏਗਾ। ਇਹ ਕੁਦਰਤ ਦਾ ਵਿਸ਼ਾ ਹੈ। ਵੱਖ ਵੱਖ ਪਦਾਰਥਾਂ ਦੇ ਇਤਫ਼ਾਕੀਆ ਮੇਲ ਨਾਲ ਧਰਤੀ ਨੇਬੂਲੇ ਦੇ ਰੂਪ ਵਿਚ ਪੈਦਾ ਹੋਈ ਸੀ। ਕਦੋਂ ? ਇਹ ਜਾਣਨ ਲਈ ਇਤਿਹਾਸ ਪੜ੍ਹੋ। ਇਸੇ ਅਮਲ ਵਿਚ ਜਾਨਵਰ ਤੇ ਫੇਰ ਅਖੀਰ ਵਿਚ ਮਨੁੱਖ ਪੈਦਾ ਹੋਇਆ ਸੀ। ਤੁਸੀਂ ਡਾਰਵਿਨ ਦੀ ਕਿਤਾਬ **ਓਰਿਜਨ ਆਵ ਸਪੀਸੀਜ਼** ਪੜ੍ਹੋ। ਅਤੇ ਉਸ ਤੋਂ ਮਗਰੋਂ ਜੋ ਵੀ ਉਨਤੀ ਹੋਈ, ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵਲੋਂ ਕੁਦਰਤ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋਂ ਹੋਈ ਸੀ। ਧਰਤੀ ਦੇ ਆਦਿ ਬਾਰੇ ਇਹ ਸਭ ਤੋਂ ਸੰਖੇਪ-ਜਿਹਾ ਵੇਰਵਾ ਹੈ।

ਤੁਹਾਡਾ ਅਗਲਾ ਸਵਾਲ ਇਹ ਹੋ ਸਕਦਾ ਹੈ ਕਿ ਪਿਛਲੇ ਜਨਮ ਵਿਚ ਮਾੜੇ ਕਰਮ ਨਾ ਕੀਤੇ ਹੋਣ ਤਾਂ ਕੋਈ ਬੱਚਾ ਅੰਨ੍ਹਾ ਜਾਂ ਲੰਙੜਾ ਕਿਉਂ ਜੰਮਦਾ ਹੈ ? ਜੀਵ-ਵਿਗਿਆਨੀਆਂ ਨੇ ਇਸ ਸਮੱਸਿਆ ਦਾ ਜ਼ਿਕਰ ਕੀਤਾ ਹੈ ਕਿ ਇਹ ਜੀਵ-ਵਿਗਿਆਨਕ ਵਿਸ਼ਾ ਹੈ। ਇਹਦੇ ਕਾਰਣ ਬੱਚੇ ਦੇ ਮਾਂ-ਪਿਉ ਦੇ ਜੀਵ-ਇਤਿਹਾਸ ਵਿਚ ਹੀ ਹੁੰਦੇ ਹਨ।

ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁਛ ਸਕਦੇ ਹੋ—ਭਾਵੇਂ ਕਿ ਇਹ ਨਿਰਾ ਬਚਗਾਨਾ ਸਵਾਲ ਹੀ ਹੈ। ਉਹ ਸਵਾਲ ਇਹ ਹੈ ਕਿ ਜੇ ਰੱਬ ਨਹੀਂ ਸੀ ਤਾਂ, ਤਾਂ ਫੇਰ ਲੋਕ ਉਹਨੂੰ ਮੰਨਣ ਕਿਵੇਂ ਲੱਗੇ ? ਮੇਰਾ ਜਵਾਬ ਸਪਸ਼ਟ ਤੇ ਸੰਖੇਪ ਹੋਏਗਾ। ਜਿਵੇਂ ਲੋਕ ਭੂਤ-ਪਰੇਤਾਂ ਨੂੰ ਮੰਨਣ ਲੱਗ ਪਏ ਸੀ, ਓਵੇਂ ਹੀ ਉਹ ਰੱਬ ਨੂੰ ਮੰਨਣ ਲੱਗ ਪਏ। ਫ਼ਰਕ ਸਿਰਫ਼ ਏਨਾ ਹੈ ਕਿ ਰੱਬ ਵਿਚ ਵਿਸ਼ਵਾਸ ਤਕਰੀਬਨ

---

*ਚਾਰਲਸ ਡਾਰਵਿਨ (1809-1882) ਅੰਗਰੇਜ਼ ਪ੍ਰਕ੍ਰਿਤਵਾਦੀ। ਉਨੀਵੀਂ ਸਦੀ ਦੀ ਸਭ ਤੋਂ ਵੱਡੀ ਜਿੱਤ ਉਹਦੀ 1859 ਵਿਚ ਛਪੀ ਕਿਤਾਬ 'ਓਰਿਜਨ ਆਵ ਸਪੀਸੀਜ਼' ਸੀ, ਜਿਸ ਵਿਚ ਪ੍ਰਕ੍ਰਿਤੀ ਦੇ ਵਿਕਾਸ ਦਾ ਸਿਧਾਂਤ ਸੀ। ਇਸ ਸਿਧਾਂਤ ਨੇ ਕੁਦਰਤ ਸੰਬੰਧੀ ਧਾਰਮਕ ਤੇ ਵਿਚਾਰਵਾਦੀ ਸੰਕਲਪਾਂ ਨੂੰ ਤੋੜ ਦਿੱਤਾ।—ਅਨੁ.


If you are looking for
*Quality
* Quality
* Price
* After sale service when buying your car contact
Kuldip S. Jhand



ਕਿਸੇ ਪਰਕਾਰ ਦੀ ਕਾਰ ਖ਼ਰੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ਰੀਦਣ ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫ਼ੂਨ ਕਰੋ



Office
521-7731
Res. 524-4137

WESTMINSTER CHEVROLET-OLDSMOBILE
12 th Ave. at Queens Ave
New West Minster

ਅਮਬੀਕਾ ਫ਼ੂਡਜ਼
ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।
Largest of it's kind in North America
ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।
British Columbia's Finest Indian Grocery Store
327-0295
5125 VICTORIA DRIVE VANCOUVER

ਸਰਬਵਿਆਪਕ ਹੈ ਤੇ ਇਹਦਾ ਦਰਸ਼ਨ ਕਾਫ਼ੀ ਵਿਕਸਿਤ ਹੈ। ਕੁਝ ਪਰਿਵਰਤਨ-ਕਾਰੀਆਂ (ਰੈਡੀਕਲਜ਼) ਵਾਂਙ ਮੇਰਾ ਇਹ ਵਿਚਾਰ ਨਹੀਂ ਹੈ ਕਿ ਰੱਬ ਦਾ ਆਦਿ ਲੁਟ-ਖਸੁੱਟ ਕਰਨ ਵਾਲਿਆਂ ਦੀ ਕਰਤੂਤ ਸੀ, ਤਾਂ ਕਿ ਉਹ ਸਰਬਉਚ ਸੱਤਾ ਦੀ ਹੋਂਦ ਦਾ ਪ੍ਰਚਾਰ ਕਰ ਕੇ, ਆਪਣੀਆਂ ਗੱਦੀਆਂ ਕਾਇਮ ਰਖਣ ਲਈ ਲੋਕਾਂ ਨੂੰ ਗ਼ੁਲਾਮ ਰਖ ਸਕਣ। ਭਾਵੇਂ ਕਿ ਉਨ੍ਹਾਂ ਨਾਲ ਮੇਰਾ ਇਸ ਜ਼ਰੂਰੀ ਨੁਕਤੇ ਨਾਲ ਕੋਈ ਮੱਤਭੇਦ ਨਹੀਂ ਹੈ ਕਿ ਸਾਰੇ ਧਾਰਮਿਕ ਮੱਤ, ਧਰਮ, ਸਿਧਾਂਤ ਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਆਖ਼ਰਕਾਰ ਜਾਬਰ, ਦਮਨਕਾਰੀ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਮਾਇਤੀ ਹੀ ਹੋ ਨਿਬੜੀਆਂ ਹਨ। ਹਰ ਧਰਮ ਇਹ ਕਹਿੰਦਾ ਹੈ ਕਿ ਬਾਦਸ਼ਾਹ ਵਿਰੁੱਧ ਬਗ਼ਾਵਤ ਕਰਨਾ ਹਮੇਸ਼ਾ ਹੀ ਪਾਪ ਹੁੰਦਾ ਹੈ।

ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ, ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ, ਤਾਂ ਉਹਨੇ ਰੱਬ ਕਾਲਪਨਿਕ ਹੋਂਦ ਬਣਾਂ ਲਈ, ਤਾਂਕਿ ਇਮਤਹਾਨੀ ਹਾਲਤ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨ ਲਈ ਮਨੁਖ ਨੂੰ ਹੌਸਲਾ ਮਿਲੇ, ਤਾਂ ਕਿ ਸਾਰੇ ਖ਼ਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖ਼ੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇੱਛਾਵਾਂ ਉਤੇ ਕਾਬੂ ਪਾ ਸਕੇ। ਮਨੁੱਖ ਨੇ ਰੱਬ ਨੂੰ ਇਹਦੇ ਨਿਜਰੂਪਕ ਨੇਮਾਂ ਤੇ ਪਾਲਣਹਾਰ ਗੁਣਾਂ ਦੇ ਰੂਪ ਵਿਚ ਚਿਤਵਿਆ ਸੀ ਤੇ ਚਿਤਰਿਆ ਸੀ। ਉਹਦੀ ਕਰੋਪੀ ਤੇ ਨਿੱਜਰੂਪਕ ਨੇਮਾਂ ਨੂੰ ਵਿਚਾਰਨ ਵੇਲੇ ਉਹ ਤਾੜਨਾ ਦਾ ਕੰਮ ਦਿੰਦਾ ਸੀ, ਤਾਂ ਕਿ ਮਨੁਖ ਸਮਾਜ ਵਾਸਤੇ ਖ਼ਤਰਾ ਨਾ ਬਣ ਜਾਵੇ। ਉਹਦੇ ਪਾਲਣਹਾਰ ਗੁਣਾਂ ਵਿਚ ਉਹ ਮਾਂ-ਪਿਤਾ, ਭੈਣ, ਭਾਈ, ਦੋਸਤ ਤੇ ਮਦਦਗਾਰ ਸੀ। ਤਾਂਕਿ ਉਸ ਹਾਲਤ ਵਿਚ ਜਦ ਬੰਦੇ ਨੂੰ ਔਖੀ ਵੇਲੇ ਹਰ ਕੋਈ ਛਡ ਜਾਏ, ਤਾਂ ਉਸ ਘੜੀ ਵੀ ਬੰਦੇ ਨੂੰ ਇਹ ਧਰਵਾਸ ਰਹੇ ਕਿ ਉਹਦੀ ਮਦਦ ਕਰਨ ਲਈ, ਉਹਨੂੰ ਢਾਰਸ ਦੇਣ ਲਈ ਸਦਾ ਸਲਾਮਤ ਰਹਿਣ ਵਾਲਾ ਸੱਚਾ ਮਿੱਤਰ ਰੱਬ ਹੈ। ਆਦਿ ਕਾਲ ਵਿਚ ਰੱਬ ਸੱਚੇ ਅਰਥਾਂ ਵਿਚ ਸਮਾਜ ਲਈ ਲਾਹੇਵੰਦ ਸੀ। ਔਖੀ ਘੜੀ ਵੇਲੇ ਰੱਬ ਦਾ ਵਿਚਾਰ ਬੰਦੇ ਲਈ ਮਦਦਗਾਰ ਹੁੰਦਾ ਹੈ।

ਸਮਾਜ ਦੇ ਜਿਵੇਂ ਬੁਤਪੂਜਾ ਤੇ ਧਰਮ ਦੇ ਤੰਗਨਜ਼ਰ ਸੰਕਲਪ ਵਿਰੁਧ ਲੜਾਈ ਲੜੀ ਸੀ, ਓਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥ-ਵਾਦੀ ਹੋਣ ਲੱਗਾ, ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਏਗਾ ਅਤੇ ਹਰ ਮੁਸ਼ਕਲ, ਹਰ ਆਫ਼ਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡੱਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਕ ਬਣਿਆ ਹਾਂ। ਮੇਰਾ ਖ਼ਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵਧ ਖ਼ੁਦਗਰਜ਼ੀ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਏਗੀ। ਮੈਂ ਉਨ੍ਹਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡਟ ਕੇ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕੀਤਾ ਸੀ। ਇਸੇ ਲਈ ਮੈਂ ਅਖ਼ੀਰ ਤਕ, ਫਾਂਸੀ ਦੇ ਤਖ਼ਤੇ ਉਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦੇਖੀਏ ਮੈਂ ਇਸ ਉਤੇ ਕਿੰਨਾ ਕੁ ਪੂਰਾ ਉਤਰਦਾ ਹਾਂ। ਮੇਰੇ ਕਿਸੇ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ : "ਦੇਖੀਂ ਆਪਣੇ ਅਖੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲਗ ਜਾਏਂਗਾ।" ਮੈਂ ਅੱਗੋਂ ਕਿਹਾ, ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ, ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ। ਖ਼ੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈ ਹੈ ? ਜੇ ਹੈ, ਤਾਂ ਮੈਨੂੰ ਹਉਮੈ ਚੰਗੀ ਲਗਦੀ ਹੈ।

ਅਨੁਵਾਦਕ : ਅਮਰਜੀਤ ਚੰਦਨ


# *Elite Tailors*

## ਈਲਾਈਟ ਟੇਲਰਜ਼

**4219 Main St. at 26th. 872-2276**

**Good selection of men's suits, Jackets, Regular and wide-bottom pants, shoes, ties and belts**

**ALSO**

**Ladies suits, jackets**
**Regular & wide-bottom pants and tops**

***ALSO AVAILABLE UNIFORMS FOR SOCCER, FIELD HOCKEY, BASEBALL & FOOTBALL.***

**ਦਰਸ਼ਨ ਦਿਓ ਜਾਂ ਫ਼ੂਨ ਕਰੋ**

**ELITE TAILORS**
**4219 MAIN STREET**
**PHONE: 872-2276**


ਬਹੁ-ਪੱਖੀ ਲੇਖਕ ਅਜਮੇਰ ਰੋਡੇ ਦੀ ਨਵੀਂ ਪੁਸਤਕ

## ਦੂਜਾ ਪਾਸਾ

ਵਿਗਿਆਨ ਬਾਰੇ ਪੁਸਤਕ 'ਵਿਸ਼ਵ ਦੀ ਨੁਹਾਰ' ਅਤੇ ਕਾਵਿ-ਸੰਗ੍ਰਹਿ 'ਸੁਰਤੀ' ਤੋਂ ਬਾਅਦ ਕਨੇਡਾ ਵਿੱਚ ਰਹਿ ਰਹੇ ਲੇਖਕ ਅਜਮੇਰ ਰੋਡੇ ਦਾ ਇਕਾਂਗੀ ਸੰਗ੍ਰਹਿ 'ਦੂਜਾ ਪਾਸਾ' ਨਾਨਕ ਸਿੰਘ ਪੁਸਤਕ ਮਾਲਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਪੁਸਤਕ ਪ੍ਰਾਪਤ ਕਰਨ ਲਈ ਵਤਨੋਂ ਦੂਰ ਨੂੰ ਲਿਖੋ।

## ਧੰਨਵਾਦ

ਪਿਛਲੇ ਦਿਨਾਂ ਵਿੱਚ ਅਸੀਂ ਆਪਣੇ ਕੁਝ ਦੋਸਤਾਂ ਕੋਲ ਵਤਨੋਂ ਦੂਰ ਦੀ ਮਾਇਕ ਸਹਾਇਤਾ ਲਈ ਅਪੀਲ ਕੀਤੀ ਸੀ ਜਿਸਦੇ ਜੁਆਬ ਵਿੱਚ ਸਾਡੇ ਸਾਹਿਤ ਰਸੀਏ ਦੋਸਤਾਂ, ਖਾਸ ਕਰ ਪਨਾਹੀ ਐਸੋਸੀਏਸ਼ਨ ਐਂਡ ਸਪੋਰਟਸ ਕਲੱਬ (140 $) ਨੇ ਸਾਡੀ ਸਹਾਇਤਾ ਕੀਤੀ ਹੈ। ਅਸੀਂ ਇਸ ਸਹਿਯੋਗ ਲਈ ਉਨ੍ਹਾਂ ਸੱਭ ਦੇ ਧੰਨਵਾਦੀ ਹਾਂ।

ਅਦਾਰਾ ਵਤਨੋਂ ਦੂਰ

# ਵੇਲਾ

– ਮਹਿਮੂਦ ਮਲੇਰਕੋਟੀ

'ਤੇ ਅੱਜ ਜਦ ਉਹ ਬਾਬੇ ਨੂੰ ਮਿਲਣ ਗਿਆ ਤਾਂ ਫੇਰ ਉਹਨੇ ਉਹੋ ਗੱਲ ਕੀਤੀ। ਕਿਉਂ ਜੋ ਜਦੋਂ ਵੀ ਉਹਦੇ ਮਨ ਵਿੱਚ ਗੱਲਾਂ ਕਰਨ ਦੀ ਖੁਰਕ ਜਿਹੀ ਉੱਠਦੀ ਤਾਂ ਉਹਨੇ ਪੁਛਣਾ "ਬਾਬਾ ਵੇਲਾ ਕੀ ਏ?" ਮੁੰਡਾ ਵੀ ਮੂਹਰੋਂ ਅਧਿੱਤੀ, ਗੱਲਾਂ ਕਰਨ ਦਾ ਸ਼ੌਂਕ ਉਹਨੂੰ ਵੀ ਬਾਬੇ ਜਿੰਨਾ ਹੀ ਸੀ। ਉਹਨੇ ਕਹਿਣਾ "ਬਾਬਾ ਵੇਲਾ? ਵੇਲਾ ਤਾਂ ਤੇਰਾ ਲੰਘ ਗਿਆ ਤੂੰ ਵੇਲੇ ਤੋਂ ਕੀ ਲੈਣਾ?" ਉਸ ਬਜ਼ੁਰਗ ਨੇ ਫੇਰ ਵਾਹ ਤਰਲਾ, ਵੇਲੇ ਦੀ ਗੱਲ ਹੀ ਸ਼ੁਰੂ ਕਰ ਦੇਣੀ – ਤੇ ਕਿੰਨਾਂ ਚਿਰ ਵੇਲੇ ਦੀ, ਮਨੁੱਖ ਦੀ ਤੇ ਕੁਦਰਤ ਦੀ ਗੱਲ ਬਾਬੇ ਨੇ ਟੁਰਦਾ ਜਾਂ ਦੇਣੀ। ਥੋੜੀ ਥੋੜੀ ਦੇਰ ਮੁੰਡੇ ਨੂੰ ਬਚਪਨ ਵਿੱਚ ਵੀ ਸੀ ਗਿਆਨ ਗੋਸ਼ਟ ਦੀ ਜਾਂ ਕਹਿ ਲਓ ਬਾਬਾ ਉਹਨੂੰ ਸਿਖਾਉਂਦਾ ਸਿਖਾਉਂਦਾ ਬਾਤਾਂ ਹੀ ਕੁੱਝ ਇਹੋ ਜਿਹੀਆਂ ਸੁਣਾਉਂਦਾ ਬਈ ਮੁੰਡਾ ਖੁਸ਼ ਹੋ ਸਵਾਲ ਪੁੱਛਦਾ "ਬਾਬਾ ਮੈਂ ਕਿੱਥੋਂ ਆਇਐਂ?" ਬਾਬੇ ਕਹਿਣਾ "ਰੱਬ ਕੋਲੋਂ" ਫੇਰ ਮੈਂ ਕਿਥੇ ਜਾਣਾ?" ਬੱਸ ਮੁੰਡੇ ਨੇ ਸਵਾਲ ਤੇ ਸਵਾਲ ਕਰੀ ਜਾਣਾ ਤੇ ਬਾਬਾ ਵੀ ਪਤਾ ਨੀ ਕਿਹੜੀ ਮਿੱਟੀ ਦਾ ਬਣਿਆ ਸੀ, ਅੱਕਦਾ ਹੀ ਨਹੀਂ ਸੀ – ਦੋਵੇਂ ਜਣੇ ਇਉਂ ਹੀ ਵੇਲਾ ਕੱਟਦੇ ਕੱਟਦੇ ਅੱਡ ਅੱਡ ਹਾਲਤਾਂ ਵਿੱਚੋਂ ਲੰਘਦੇ ਗਏ। ਬਾਬਾ ਤੇ ਉਮਰ ਦਾ ਅਸਰ ਜਿਵੇਂ ਰੁੱਕ ਜਿਹੇ ਗਿਆ ਸੀ, ਪਰ ਮੁੰਡਾ ਤਾਂ ਹੁਣ ਭਰ ਜੁਆਨ ਸੀ – ਪਰ ਦੋਵਾਂ ਵਿੱਚ ਰਿਸ਼ਤਾ ਬਾਬੇ ਪੋਤੇ ਦਾ ਨਹੀਂ ਸੀ ਲੱਗਦਾ – ਉਹ ਤਾਂ ਦੋਸਤਾਂ ਵਰਗੇ ਸਬੰਧ ਵਿੱਚ ਬੱਝੇ ਲੱਗਦੇ ਸਨ।

ਪੁੱਤਰਾ! ਤੂੰ ਏਨੀ ਦੁਨੀਆਂ ਘੁੰਮ ਆਇਐਂ, ਪਰ ਤੂੰ ਵੇਲੇ ਦੀ ਗੱਲ ਅਜੇ ਵੀ ਮੈਥੋਂ ਪਿਆ ਪੁਛਦੈਂ?" ਬਾਬੇ ਨੇ ਮੁੰਡੇ ਦਾ ਪਰਤਿਆਵਾ ਜਿਹਾ ਲੈਂਦੇ ਕਿਹਾ, ਤੇ ਬਿਨਾਂ ਕੁੱਝ ਜੁਆਬ ਉਡੀਕੇ ਕਹਿਣ ਲੱਗਿਆ "ਉਂ ਤਾਂ ਬੱਸ ਜ਼ਿੰਦਗੀ ਸੁਹਣੀ ਇਉਂ ਸੁੱਤਿਆਂ ਜਿਹਾਂ ਦੀ ਲੰਘ ਜਾਂਦੀ ਐ, ਬੰਦਾ ਵੇਲੇ ਬਾਰੇ ਸੋਚਦਾ ਈ ਰਹਿ ਜਾਂਦੈ – ਦੇਖੀ ਜਾਂ-ਜ਼ਿੰਦਗੀ ਬੱਸ ਖਹਿ ਕੇ ਜੇ ਲੰਘ ਜਾਂਦੀ ਐ, ਨਾਲ ਦੀ – ਜਿਵੇਂ ਔਹ ਗੱਡੀ ਆਪਣੀ ਚੌਲੀ ਕੋਲ ਦੀ ਲੰਘਦੀ ਐ ਨਾਂ, ਪਰ ਉਹਦਾ ਤਾਂ ਪਤਾ ਲੱਗ ਜਾਂਦੈ, ਖੜਕਾ ਤਾਂ ਸੁਣੀ ਕਰਦੀ ਐ ਨਾਂ....." "ਬਾਬਾ, ਹਾਸ ਕਿਤਾਬ ਜਿਹੀ 'ਚ ਉਹ ਗੱਲ ਨੀ ਹੈ ਜਿਹੜੀ ਆਹ ਹਵਾ 'ਚ ਹੈ" ਬਾਬੇ ਨੇ ਹਵਾ ਵੱਲ, ਖੁਲ੍ਹੇ ਅਸਮਾਨ ਵੱਲ ਤਕਦਿਆਂ ਕਿਹਾ। ਮੁੰਡੇ ਨੇ ਕਿਤਾਬ ਪਾਸੇ ਰਖਦਿਆਂ, ਬਾਬੇ ਨੂੰ ਫੇਰ ਪੁੱਛਿਆ "ਬਾਬਾ ਤੇਰੀ ਕੀ ਰਾਇ ਐ ਉਸ ਗੱਲ ਬਾਰੇ ਤੂੰ ਕਿੱਥੋਂ 'ਚੋਂ ਪੜ੍ਹ ਕੇ ਸੁਣਾਇਆ ਕਰਦਾ ਸੀ ਅਖੇ," ਪਾਣੇ ਟੜੀ ਕਲਮ ਜਾਣੇ ਹਰਫਾਂ ਦੇ ਪਾਵਣੇ ਨੂੰ, ਪਹਿਲੇ ਰਾਮ ਨਾਮ ਸੱਤ ਵਾਰੀ ਮੂੰਹੋਂ ਆਖਿਆ; ਔਖਦਾਰ ਅੱਖਰਾਂ 'ਚੋਂ ਰੱਖ ਲਈਂ ਸਦੇ ਰਾਮਾਂ ਜਿਵੇਂ ਪ੍ਰਹਲਾਦ ਨੂੰ ਅਗਨ ਵਿੱਚੋਂ ਰੱਖਿਆ॥"

"ਬਾਬਾ ਇਹ ਕਿਤਾਬਾਂ ਤਾਂ ਬੱਸ ਇਸ਼ਾਰਾ ਹੀ ਕਰਦੀਐਂ, ਗੱਲ ਤਾਂ ਬੱਸ ਅੰਦਰਲੀ ਜਿਹੀ ਦੀ ਐ – ਜੀਹਦਾ ਸੁਆਦ ਆਪਾਂ ਭਾਲਦੇ ਫਿਰਦੇ ਆਂ – ਜੇ ਉਹ ਮਿਲ ਗਿਆ ਜੇ ਫੇਰ ਨੀ ਲੰਘਦੀ ਕੋਲ ਦੀ ਖਹਿ ਕੇ – ਫੇਰ ਤਾਂ ਬੱਸ ਵਿੱਚ ਦੀ ਲੰਘ ਜਾਂਦੀ ਐ – ਇਹ ਜ਼ਿੰਦਗੀ। ਜਿਵੇਂ ਟਿਕਟ ਲੈ ਕੇ ਬੱਸ 'ਚ ਬਹੀਦੈ – ਬੱਸ ਇਉਂ ਟਿਕਾਣੇ ਪਹੁੰਚੇ ਟਿਕਟ ਦੀ ਕੋਈ ਲੋੜ ਨੀਂ ਰਹਿੰਦੀ – ਇਹ ਕਿਤਾਬਾਂ ਤਾਂ ਟਿਕਟ ਵਰਗਾ ਕੰਮ ਜਾਵੇਂ ਕਰ ਦੇਣ ਨਹੀਂ ਤਾਂ ਇਹ ਵੀ ਨਹੀਂ ਕਰਦੀਆਂ। ਇਹ ਵੇਲਾ ਗੱਲਾਂ ਸਾਰਨ ਨਾਲ ਨੀ ਸਮਝ 'ਚ ਆਉਂਦਾ, ਪੁੱਤਰਾ – ਬੰਦਾ ਅਖਰਾਂ ਦੇ ਝਾਸੇ 'ਚ ਵੀ ਨਾ ਆਵੇ ਪੁਤਰਾ, ਬੱਸ ਸਦੇ ਰਾਮ ਦੀ ਉਹਨਾਂ "ਔਖਦਾਰਾਂ ਅੱਖਰਾਂ ਦੀ ਗੱਲ ਕਰਦੈ – ਜਿੰਨਾਂ 'ਚ ਫੱਸਿਆ ਬੰਦਾ ਔਖਾ ਹੀ ਨਿਕਲਦੈ। ਤੈਂ ਦੇਖਿਆ ਹੋਊ ਛੋਟਾ ਹੁੰਦਾ ਤੂੰ ਮਿੱਟੀ ਨਾਲ ਖੇਲ ਬਣਾ ਕੇ ਨਿੱਕੇ ਨਿੱਕੇ ਕਿਆਰਿਆਂ ਨੂੰ ਪਾਣੀ ਦਿੰਦਾ ਹੁੰਦਾ ਸੀ ਨਾਂ 'ਤੇ ਕਦੇ ਕਦੇ ਜਾਣ ਕੇ ਖੇਲ 'ਚ ਡੱਕੇ ਨਾਲ ਮੋਰੀ ਕਰ ਦਿੰਦਾ ਸੀ – ਤੈਨੂੰ ਪਤੈ ਫੇਰ ਕੀ ਹੁੰਦਾ ਸੀ?" ਬਾਬੇ ਨੇ ਬੁਝਾਰਤ ਜਿਹੀ ਪਾ ਕੇ ਮੁੰਡੇ ਵੱਲੀ ਗਹੁ ਨਾਲ ਦੇਖਿਆ। ਮੁੰਡੇ ਨੂੰ ਬਾਬੇ ਦੀ ਆਵਾਗਾਉਣ ਜਿਹੀ ਗੱਲ ਵਿੱਚ ਕੁੱਝ ਛੁਪਿਆ ਜਿਹਾ ਭੇਤ ਲੱਗਿਆ – ਕਿਉਂ ਜੇ ਬਾਬਾ ਐਸ ਤਰ੍ਹਾਂ ਬੇਤੁੱਕੀ ਜਿਹੀ ਗੱਲ ਕਰਕੇ ਬਾਅਦ ਵਿੱਚ ਕਿੰਨਾਂ ਹੀ ਚਿਰ ਮਤਲਬ ਦੱਸਣ ਦਾ ਆਦੀ ਸੀ।

"ਪੁੱਤਰਾ, ਜੇ ਉਦੋਂ ਉਹ ਮੋਰੀ ਬੰਦ ਨਾਂ ਕਰੀਏ ਤਾਂ, ਬੱਸ ਸਾਰੀ ਖੇਲ ਢੁੱਟ ਜਾਂਦੀ ਹੈ ਤੇ ਪਾਣੀ ਆਵਾਗਾਉਣ ਵਗ ਤੁਰਦਾ ਹੈ – ਹਾਂ ਤੇ ਜੇ ਬੰਦ ਕਰਨੀ ਹੋਵੇ ਨਾਂ – ਤਾਂ ਅੰਦਰਲੇ ਪਾਸੇ ਮਿੱਟੀ ਲਾਏ ਤੋਂ ਬਿਨਾਂ ਉਹ ਮੋਰੀ ਬੰਦ ਨਹੀਂ ਹੁੰਦੀ" ਤੇ ਇੱਕ ਵਾਰੀ ਫੇਰ ਭੇਤ ਭਰੀ ਅੱਖ ਨਾਲ ਬਾਬੇ ਦੇ ਚਿਹਰੇ ਤੇ ਲਾਲੀ ਜਿਹੀ ਛਾ ਗਈ।" "ਬੱਸ ਬਾਬਾ – ਆਹੀ ਤਾਂ ਵੇਲੇ ਦੀ ਗੱਲ ਐ – ਬੰਦੇ ਦੇ ਅੰਦਰ ਦਾ ਜਿਹੜਾ ਰਸ ਹੈ ਨਾਂ ਉਹ ਬੇਅਰਥ ਵਗਦਾ ਈ ਐ – ਜੇ ਅੰਦਰੋਂ ਡੱਕਾ ਨਾਂ ਲਾਈਏ ਤਾਂ – ਬੱਸ ਸਮੱਝੋ ਜ਼ਿੰਦਗੀ ਖਹਿ ਕੇ ਲੰਘ ਜਾਂਦੀ ਐ – ਸੁਆਦ ਨਹੀਂ ਆਉਂਦਾ ਉਸ ਜਿਹੀ ਦਾ – ਬੱਸ ਫੋਕਲ ਹੀ ਸਮਝ – ਗੁਰੂ ਨਾਨਕ ਹੋਰ ਕੀ ਕਹਿੰਦਾ ਸੀ?" ਤੇ ਇਕ ਹੋਰ ਬੇ-ਤੁਕੀ ਜਿਹੀ ਗੱਲ ਬਾਬੇ ਨੇ ਵਗਾਹ ਮਾਰੀ॥

"ਅਵੇ ਬੀਰਿਆ ਆਪਣਾ ਮੂਲ ਪਛਾਣ – ਆਹੀ ਮੂਲ ਐ – ਬੱਸ ਬੰਦਾ ਆਪਣਾ ਮੁੱਲ ਈ ਨੀਂ ਪਾਉਂਦਾ – ਕਦੇ ਕਦੇ ਪੈਸੇ ਨਾਲ ਤਾਂਵੇ ਤੋਲ ਕੇ ਆਪਣੇ ਆਪ ਨੂੰ – ਅਵੇ 'ਹੀ ਸੱਠੇ ਔਤੇ ਸਾਲ ਖਰਾਬ ਹੋ ਗਏ, ਕੁਝ ਨਾਂ ਬਣਾਇਆ" – ਬਈ ਤਜਰਬਾ ਬਣਾਉਣਾ ਕੀ ਸੀ? ਕਦੇ ਹਵਾ ਸੁੰਘੀ ਐ? ਤੈਨੂੰ ਪਤੈ ਪਾਣੀ ਗੀਤ ਵੀ ਗਾਉਂਦੈ? ਪਰ ਨਹੀਂ – ਕਾਹਨੂੰ ਸਮਝਦੈ ਏ ਏਨਾ ਜੀਵ।" ਕਹਿ ਕੇ

(ਬਾਕੀ ਸਫ਼ਾ 28 ਤੇ)

# ISLAND INSURANCE AGENCY LTD.

**Before You Insure It
Or Renew Your Existing Policy
See Us First**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-

ਮਲਕੀਤ ਸਿੰਘ ਅਠਵਾਲ



**MALKIAT SINGH ATHWAL**
FIELD MANAGER

**BUS: 278-3707**
**278-2515**

**RES: 271-1490**

**WE OFFER A COMPLETE INSURANCE SERVICE 12 MONTHS A YEAR.**

* Need Life Insurance
* Accident and Sickness Policy
* Business
* Commercial: Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance
  Needs

***For All Your Insurance Needs***

## Give me a call 'n see the difference.

**COMPLETE INSURANCE SERVICE SINCE 1917**

## ISLAND INSURANCE AGENCY LTD.

**6700 No. 3 Road Phone 278-2515
Richmond, B.C. V6Y 2C3**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ

**WATNO DUR**

P.O. BOX 67681 STN. "O"

VANCOUVER, B.C. V5W 3V2

Second class mail **Reg. No. 3233**

TO



ਰਿਚਮੰਡ ਕੈਟਰੀ ਫਾਰਮ ਦੀ ਪਿਕਟ 'ਤੇ



ਅਮਰੀਕਾ ਦੇ ਖੇਤ ਮਜ਼ਦੂਰਾਂ ਦੇ ਉਘੇ ਆਗੂ ਸੀਜ਼ਰ ਸ਼ਾਵੇਜ਼ C.F.U. ਦੇ ਪ੍ਰਧਾਨ ਰਾਜ ਚੌਹਾਨ ਨਾਲ ਪਿਕਟ ਲਾਈਨ 'ਤੇ

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੂੰ ਹੋਂਦ ਵਿੱਚ ਆਇਆਂ ਇਕ ਸਾਲ ਦੇ ਲੱਗ ਭੱਗ ਹੋ ਗਿਆ ਹੈ। ਹਜ਼ਾਰ ਦੇ ਕਰੀਬ ਮੈਂਬਰ ਅਤੇ ਤਿੰਨ "ਸਰਟੀਫਿਕੇਸ਼ਨਜ਼" ਅਤੇ ਇਹਨਾਂ ਵਿਚੋਂ ਇੱਕ ਵਿੱਚ 'ਟੈਨੇਟਿਵ ਐਗਰੀਮੈਂਟ' ਜਿੱਤਣਾ ਇਸ ਸਾਲ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ਕਨੇਡਾ ਦੇ ਇਤਿਹਾਸ ਵਿੱਚ ਇਕ ਸੁਨਿਹਰੀ ਕਦਮ ਹੈ ਜਿਸ ਉਪਰ ਇਥੋਂ ਦੀ ਮਜ਼ਦੂਰ ਜਮਾਤ ਅਤੇ ਆਮ ਕਰ ਆਪਣੇ ਲੋਕਾਂ (ਕਿਉਂਕਿ ਫਾਰਮਾਂ ਵਿੱਚ ਬਹੁਤੇ ਆਪਣੇ ਲੋਕ ਹੀ ਕੰਮ ਕਰਦੇ ਹਨ) ਨੂੰ ਫਖਰ ਅਤੇ ਮਾਣ ਹੋਣਾ ਚਾਹੀਦਾ ਹੈ।

ਪਰ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਜਿਸ ਲਈ ਸਖਤ ਅਤੇ ਲੰਬੇ ਘੋਲ ਦੀ ਜ਼ਰੂਰਤ ਹੈ। ਇਸ ਸਮੇਂ ਚਲ ਰਹੀਆਂ ਦੋ ਹੜਤਾਲਾਂ (ਕੰਟਰੀ ਫਾਰਮ ਰਿਚਮੰਡ ਅਤੇ ਜੈਨਸਨ ਫਾਰਮ ਲੈਂਗਲੀ) ਇਸੇ ਘੋਲ ਦਾ ਹੀ ਅੰਗ ਹਨ। 'ਮੱਸ਼ਰੂਮ' ਫਾਰਮ ਲੈਂਗਲੀ ਵਿਖੇ ਜਿਆਦਾ ਗਿਣਤੀ ਵਿੱਚ ਔਰਤਾਂ (ਭਾਰਤੀ) ਕੰਮ ਕਰਦੀਆਂ ਹਨ। ਜਿਸ ਤਰ੍ਹਾਂ ਉਹ ਇਸ ਫਾਰਮ ਵਿੱਚ ਪਹਿਲਾਂ ਯੂਨੀਅਨ ਬਣਾਉਣ ਅਤੇ ਹੁਣ ਆਪਣੇ ਹੱਕ ਲੈਣ ਲਈ ਸਰਗਰਮ ਹਨ ਇਹ ਇਕ ਹੋਰ ਮਾਣ ਵਾਲੀ ਗੱਲ ਹੈ।

ਅਜੇ ਦੋਵਾਂ ਫਾਰਮਾਂ ਦੇ ਮਾਲਕ ਕਿਸੇ ਤਰ੍ਹਾਂ ਦੀ ਗੱਲ ਬਾਤ ਕਰਨ ਲਈ ਤਿਆਰ ਨਹੀਂ ਅਤੇ ਯੂਨੀਅਨ ਅਜੇ ਆਪਣੇ ਪਹਿਲੇ ਦਿਨਾਂ ਵਿੱਚ ਹੀ ਹੈ। ਇਸ ਸਮੇਂ ਸਾਰੇ ਮਜ਼ਦੂਰ ਵਰਗ ਦਾ ਇਹ ਫਰਜ਼ ਬਣਦਾ ਹੈ ਕਿ ਉਹ ਯੂਨੀਅਨ ਦੀ ਵੱਧ ਤੋਂ ਵੱਧ ਮਦਦ ਕਰੇ ਕਿਉਂਕਿ ਫਾਰਮ ਵਰਕਰਜ਼ ਯੂਨੀਅਨ ਦੀ ਜਿੱਤ ਸਾਰੇ ਮਜ਼ਦੂਰ ਵਰਗ ਦੀ ਜਿੱਤ ਹੋਵੇਗੀ। ਫਾਰਮਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਚਾਹੀਦਾ ਹੈ ਕਿ ਇਹਨਾਂ ਹੜਤਾਲਾਂ ਨੂੰ ਕਾਮਯਾਬ ਕਰਨ ਲਈ ਉਹ ਹਰ ਤਰ੍ਹਾਂ ਦੀ ਮੱਦਦ ਜੋ ਯੂਨੀਅਨ ਨੂੰ ਚਾਹੀਦੀ ਹੈ ਕਰਨ, ਕਿਉਂਕਿ ਇਨ੍ਹਾਂ ਹੜਤਾਲਾਂ ਦੀ ਕਾਮਯਾਬੀ ਨਾਲ ਹੀ ਕਨੇਡਾ ਵਿੱਚਲੇ ਸਾਰੇ ਫਾਰਮ ਵਰਕਰਜ਼ ਦੇ ਹਿੱਤ ਬੱਝੇ ਹੋਏ ਹਨ।

WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**

P.O. BOX 67681 STN. "O"

VANCOUVER, B.C.

V5W 3V2